# ਸਾਂਝੀ ਵਿਰਾਸਤ

ਜਿਲਦ 3 ਅੰਕ 30

2024

1-ਹਾੜ੍ਹ (15-ਜੂਨ)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ-ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Panjabi Language, Culture, History and Heritage**

Website: **sanjhivirasat.org**

## ਵਿਸ਼ਾ ਸੂਚੀ (1-ਹਾੜ੍ਹ / 15-ਜੂਨ 2024 ਅੰਕ)


| | | | |
|---|---|---|---|
| 1. | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2. | ਵਿਆਖਿਆ ਬਾਰਹ ਮਾਹਾ ਤੁਖਾਰੀ ਮ: 1 | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 5 |
| 3. | ਵਿਆਖਿਆ ਬਾਰਹ ਮਾਹਾ ਮਾਝ ਮ: 5 | ਸਰਦਾਰ ਕਰਮਜੀਤ ਸਿੰਘ ਨੂਰ | 6 |
| 4. | ਬੇਦਾਵਾ-ਕਿੱਥੇ, ਕਦੋਂ ਤੇ ਕਿਨ੍ਹਾਂ ਲਿਖਿਆ? (ਭਾਗ-3) | ਡਾ. ਸਰਦਾਰ ਕਾਬਲ ਸਿੰਘ ਅਤੇ ਡਾ. ਸਰਦਾਰ ਬਲਦੇਵ ਸਿੰਘ | 9 |
| 5 | ਸਿੱਧ ਗੋਸਟਿ ਦਾ ਸਾਰ - ਭਾਗ 6 | ਡਾ. ਸਰਦਾਰ ਸੁਰਜੀਤ ਸਿੰਘ ਭੱਟੀ | 12 |
| 6. | Guru Arjan Sahib's Philosophy | Dr. Sardar Raja Balraj Singh | 14 |
| 7. | ਜੂਨ ਚੁਰਾਸੀ | ਡਾ. ਸਰਦਾਰ ਗੁਰਭਜਨ ਸਿੰਘ ਗਿੱਲ | 16 |
| 8. | ਅਰਸ਼ੀ ਨੂਰ | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 17 |
| 9. | ਅਨੰਦ ਸਾਹਿਬ | ਡਾ. ਸਰਦਾਰ ਗੁਰਸ਼ਰਨ ਸਿੰਘ ਸੋਹਲ | 18 |
| 10. | Crisis of Leadership among Sikhs | Dr. Sardar Sukhmander Singh | 20 |
| 11. | ਡਾ. ਸੁਰਜੀਤ ਪਾਤਰ ਨੂੰ ਸ਼ਰਧਾਂਜਲੀ | ਸਰਦਾਰ ਜਸਵਿੰਦਰ ਸਿੰਘ ਰੁਪਾਲ | 23 |
| 12. | ਮੁਰਸ਼ਦਨਾਮਾ | ਸਰਦਾਰਨੀ ਸੁਖਵਿੰਦਰ ਅਮ੍ਰਿਤ ਕੌਰ | 26 |
| 13. | ਸਾਨੂੰ ਇਨ੍ਹਾਂ ਤੇ ਮਾਣ ਹੈ | ਸਾਂਝੀ ਵਿਰਾਸਤ | 28 |
| 14. | ਨੰਗਾ ਦੋਜਕਿ ਚਲਿਆ | ਸਰਦਾਰਨੀ ਡਾ. ਹਰਸ਼ਿੰਦਰ ਕੌਰ | 30 |
| 15. | ਵਿਸਾਖੀ ਤੇ ਕਵੀ ਦਰਬਾਰ | ਕੈਲਗਰੀ ਈ-ਦੀਵਾਨ ਸੋਸਾਇਟੀ | 32 |
| 16. | ਪੂਜਾ ਅਕਾਲ ਕੀ | ਸਰਦਾਰਨੀ ਸੁਰਜੀਤ ਕੌਰ ਸਾਰੰਗ | 35 |
| 17. | ਸਿੱਖ ਧਰਮ ਅਤੇ ਸੱਚਾ ਗਿਆਨ | ਗਿਆਨੀ ਅਵਤਾਰ ਸਿੰਘ ਜੀ | 36 |
| 18. | ਮਿਥਿਆ ਤਨ ਨਹੀ ਪਰਉਪਕਾਰਾ: ਭਾਗ-3 | ਡਾ. ਸਰਦਾਰ ਬਲਦੇਵ ਸਿੰਘ | 38 |
| 19. | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਸਾਂਝੀ ਵਿਰਾਸਤ | 41 |
| 20. | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਐਡੀਟੋਰੀਅਲ ਬੋਰਡ | 43 |

# ਸੰਪਾਦਕੀ ਨੋਟ (1-ਹਾੜ੍ਹ / 15-ਜੂਨ 2024 ਅੰਕ)

ਤਤੁਬਿਚਾਰੁਯਹੈਮਥੁਰਾਜਗਤਾਰਨਕਉਅਵਤਾਰੁਬਨਾਯਉ ॥
ਜਪ੍ਯਉਜਿਨ੍ਅਰਜੁਨਦੇਵਗੁਰੂਫਿਰਿਸੰਕਟਜੋਨਿਗਰਭਨਆਯਉ ॥
(ਸ੍ਰੀ ਗੁਰੂ ਆਦਿ ਗ੍ਰੰਥ ਸਾਹਿਬ ਜੀ ।

ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਹਾੜ੍ਹ ਦਾ ਮਹੀਨਾ 15 ਜੂਨ ਨੂੰ ਸ਼ੁਰੂ ਹੁੰਦਾ ਹੈ। ਇਸ (ਸੂਰਜੀ ਕੈਲੰਡਰ) ਵਿਚ ਸਾਰੇ ਗੁਰਪੁਰਬ ਅਤੇ ਤਿਉਹਾਰ ਹਰ ਸਾਲ ਇੱਕੋ ਨਿਸਚਿਤ ਤਰੀਕ ਉਤੇ ਆਉਂਦੇ ਹਨ ਤੇ ਅੰਗਰੇਜ਼ੀ ਤਰੀਕਾਂ ਵੀ ਬਦਲਦੀਆਂ ਨਹੀਂ।

ਦੋ ਹਾੜ੍ਹ ਨੂੰ (16 ਜੂਨ) ਸ੍ਰੀ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਦਿਹਾੜਾ ਹੈ। ਸ੍ਰੀ ਅਕਾਲ ਤਖਤ ਸਾਹਿਬ ਦੀ ਨੀਂਹ 18 ਹਾੜ੍ਹ ਨੂੰ ਰੱਖੀ ਗਈ ਸੀ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦਾ ਪਰਕਾਸ਼ ਪੁਰਬ 21 ਹਾੜ੍ਹ ਨੂੰ ਮਨਾਇਆ ਜਾਂਦਾ ਹੈ। ਬਹੁਤ ਦੁਖਦਾਈ 'ਸਾਕਾ ਨੀਲਾ ਤਾਰਾ' ਵੀ ਇਸੇ ਮਹੀਨੇ ਵਿਚ ਵਾਪਰਿਆ ਸੀ।

ਕੁਝ ਹੋਰ ਮਹੱਤਵਪੂਰਣ ਇਤਿਹਾਸਕ ਦਿਨ ਇਹ ਹਨ।

ਜਨਮ ਦਿਨ ਭਗਤ ਕਬੀਰ ਜੀ 4 ਹਾੜ੍ਹ
ਸ਼ਹੀਦੀ ਬਾਬਾ ਬੰਦਾ ਸਿੰਘ ਬਹਾਦਰ 11 ਹਾੜ੍ਹ
ਬਰਸੀ ਮਹਾਰਾਜਾ ਰਣਜੀਤ ਸਿੰਘ 15 ਹਾੜ੍ਹ
ਸ਼ਹੀਦੀ ਭਾਈ ਮਨੀ ਸਿੰਘ ਜੀ 25 ਹਾੜ੍ਹ

ਅੰਤਰ-ਰਾਸ਼ਟਰੀ ਪੱਧਰ ਉਤੇ ਇਸ ਮਹੀਨੇ ਵਿਚ 'ਵਾਤਾਵਰਣ ਸੁਰੱਖਿਆ' ਦਿਨ, 'ਬੱਚਿਆਂ ਦੇ ਮੁਢਲੇ ਅਧਿਕਾਰਾਂ' ਦਾ ਦਿਨ, ਨਸ਼ਿਆਂ ਵਿਰੁੱਧ ਦਿਨ ਅਤੇ 'ਪਿਤਾ ਦਿਵਸ' ਮਨਾਏ ਜਾਂਦੇ ਹਨ ਤਾਕਿ ਲੋਕਾਂ ਦਾ ਧਿਆਨ ਇਨ੍ਹਾਂ ਵਿਸ਼ਿਆਂ ਦੀ ਮਹੱਤਾ ਵਲ ਦਿਵਾਇਆ ਜਾ ਸਕੇ।

ਕੈਲਗਰੀ ਈ-ਦੀਵਾਨ ਸੋਸਾਇਟੀ ਵਲੋਂ (4 ਮਈ 2024 ਨੂੰ) ਸ੍ਰੀ ਗੁਰੂ ਨਾਨਕ ਸਾਹਿਬ ਅਤੇ ਸ੍ਰੀ ਗੁਰੂ ਅੰਗਦ ਸਾਹਿਬ ਦੇ ਪ੍ਰਕਾਸ਼ ਨੂੰ ਸਮਰਪਿਤ (ਔਨ-ਲਾਈਨ) 'ਅੰਤਰ-ਰਾਸ਼ਟਰੀ ਕਵੀ ਦਰਬਾਰ' ਦੀ ਰਿਪੋਰਟ ਵੀ ਇਸ ਅੰਕ ਵਿਚ ਦਿੱਤੀ ਗਈ ਹੈ।

ਸਾਂਝੀ ਵਿਰਾਸਤ ਦੇ ਸੰਪਾਦਕੀ ਅਤੇ ਸਲਾਹਕਾਰ ਬੋਰਡ ਵਲੋਂ ਉਘੇ ਸਾਹਿਤਕਾਰ ਸੁਰਜੀਤ ਪਾਤਰ ਜੀ (ਪਦਮ ਸ਼੍ਰੀ) ਨੂੰ ਸ਼ਰਧਾਂਜਲੀ ਦਿੰਦਿਆਂ ਹੋਇਆਂ ਉਨ੍ਹਾਂ ਦੇ ਅਕਾਲ ਚਲਾਣੇ ਤੇ ਡੂੰਘੇ ਦੁਖ ਦਾ ਪ੍ਰਗਟਾਵਾ ਕਰਦਾ ਹੈ।

ਮੁਖ ਸੰਪਾਦਕ, ਸਾਂਝੀ ਵਿਰਾਸਤ
**Website: sanjhivirasat.org**
**(sanjhivirasat13@gmail.com)**


੨੧-ਹਾੜ (ਜੁਲਾਈ-੫)
ਪ੍ਰਕਾਸ਼ ਦਿਹਾੜਾ ਪਾਤਸ਼ਾਹੀ-੬
ਗੁਰੂ ਹਰਗੋਬਿੰਦ ਸਾਹਿਬ ਜੀ
ਮੀਰੀ ਪੀਰੀ ਦੇ ਮਾਲਕ
MoolNanakshahiCalendar.com


੧੧- ਹਾੜ (ਜੁਨ-੨੫) - ਸ਼ਹੀਦੀ ਦਿਹਾੜਾ
ਬਾਬਾ ਬੰਦਾ ਸਿੰਘ ਬਹਾਦਰ
ਗੁਰਦਵਾਰਾ ਸ਼ਹੀਦੀ ਅਸਥਾਨ ਬਾਬਾ ਬੰਦਾ ਬਹਾਦਰ
ਕੁਤਬ ਮੀਨਾਰ ਦੇ ਕੋਲ, ਮਹਰੌਲੀ, ਨਵੀ ਦਿੱਲੀ
۱۱-ہاڑ (جون-۲۵)
گوردوارہ شہید استھان بندہ بہادر۔
قطب مینار دے نیڑے ، مہرولی، نویں دلّی۔
شہیدی دیہاڑا - بابا بندہ سنگھ بہادر
11-Harr (June 25)-Shaheedi Dhiara
Baba Banda Singh Bahadar
Gurdwara,Shaheedi Asthan Banda Bahadar
Near Qutab Minar, Mehrauli, New Delhi
www.MoolNanakshahiCalendar.com

## ਬਾਰਹਮਾਹਾ ਤੁਖਾਰੀ ਛੰਤ ਮਹਲਾ 1

ਆਸਾੜੁ ਭਲਾ ਸੂਰਜੁ ਗਗਨਿ ਤਪੈ ॥
ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ॥
ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ ॥
ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ ॥
ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ ॥
ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ ॥੮॥
ਸ੍ਰੀ ਗੁਰੂ ਗ੍ਰੰਥ ਸਾਹਿਬ {ਪੰਨਾ 1108}

ਵਿਆਖਿਆ : ਆਸਾੜ੍ਹ ਦਾ ਮਹੀਨੇ ਭਾਰਤ ਵਿਚ ਅਤਿ ਦੀ ਗਰਮੀ ਪੈਂਦੀ ਹੈ। ਤੇਜ਼ ਧੁੱਪ ਧਰਤੀ ਦੀ ਨਮੀ ਨੂੰ ਸੁਕਾ ਦੇਂਦੀ ਹੈ। ਇਸ ਸੰਦਰਭ ਵਿਚ ਸਤਿਗੁਰੂ ਮਨੁੱਖੀ ਜੀਵਨ ਵਿਚ ਵਿਕਾਰਾਂ ਦੀ ਗਰਮੀ ਨਾਲ ਮਨੁੱਖੀ ਜੀਵਨ ਵਿਚ ਆਈ ਤਪਸ਼, ਖੁਸ਼ਕੀ ਤੇ ਰੁੱਖੇ ਪਨ ਦੀ ਵਿਚਾਰ ਕਰਦੇ ਹਨ। ਵਿਕਾਰਾਂ ਤੇ ਔਗਣਾ ਵਿਚ ਗ੍ਰਸਤ ਜੀਵਨ ਇਨ੍ਹਾ ਦੀ ਤਪਸ਼ ਤੋਂ ਵਿਆਕੁਲ ਹੋ ਜਾਂਦਾ ਹੈ। ਪ੍ਰੰਤੂ ਫ਼ਿਰ ਵੀ ਔਗੁਣਾ ਦੀ ਤਪਸ਼ ਸੂਰਜ ਦੀ ਗਰਮੀ ਵਾਂਗ ਹਾਰ ਨਹੀ ਮੰਨਦੀ। ਜਦ ਸੂਰਜ ਦਾ ਰਥ (ਉਤਰ ਵਲ) ਫਿਰ ਜਾਂਦਾ ਹੈ ਤਾਂ ਗਰਮੀ ਰੂਪੀ ਔਗੁਣਾਂ ਦੇ ਚੱਕਰ ਤੋਂ ਪਰੇਸ਼ਾਨ ਮਨ ਠੰਡ ਭਾਲਣ ਲਈ ਪੁਕਾਰਾਂ ਕਰਦਾ ਹੈ। ਜਿਵੇਂ ਗਰਮੀ ਦਾ ਸਤਾਇਆ ਬੀਂਡਾ ਛਾਂ ਦੀ ਭਾਲ ਵਿਚ ਚੀਕਦਾ ਹੋਵੇ। ਔਗੁਣਾ ਵਿਚ ਗ੍ਰਸਤ ਜੀਵ ਦੇ ਦੁਖ ਉਸਦੇ ਨਾਲ ਜਾਂਦੇ ਹਨ। ਪ੍ਰਭੂ ਦੇ ਸਿਮਰਨ ਨਾਲ ਹੀ ਜੀਵ ਆਤਮਾਂ ਸੁਖੀ ਹੋ ਸਕਦੀ ਹੈ। ਆਪਣਾ ਆਪਾ ਸਤਿਗੁਰਾਂ ਨੂੰ ਸਮਰਪਤ ਕਰਨ ਨਾਲ ਅਤੇ ਹੁਕਮ ਅਨੁਸਾਰ ਜੀਣ ਤੇ ਮਰਣ ਦੀ ਸੋਝੀ ਆ ਜਾਂਦੀ ਹੈ।

ਪ੍ਰੋਫੈਸਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)



ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ ।

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥
ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥
ਦੁਯੈ ਭਾਇ ਵਿਗੁਚੀਐ ਗਲਿ ਪਈ ਸੁ ਜਮ ਕੀ ਫਾਸ ॥
ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥
ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥
ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥
ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥
ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥
ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥
ਸ੍ਰੀ ਗੁਰੂ ਗ੍ਰੰਥ ਸਾਹਿਬ {ਪੰਨਾ 134}

## ਭਾਵ ਅਰਥ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ (ਭਾਰਤ)

ਬਾਰਹ ਮਾਹਾ ਵਿਚ ਆਸਾੜੁ (ਹਾੜ੍ਹ) ਮਹੀਨੇ ਨੂੰ ਆਧਾਰ ਬਣਾ ਕੇ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸਾਨੂੰ ਉਪਦੇਸ਼ ਕਰ ਰਹੇ ਹਨ ਕਿ ਇਸ ਮਹੀਨੇ ਦੀ ਤਪਸ਼ ਉਨ੍ਹਾਂ ਨੂੰ ਹੀ ਲੱਗਦੀ ਹੈ ਜਿਨ੍ਹਾਂ ਦੇ ਹਿਰਦੇ ਵਿਚ ਹਰੀ ਦਾ ਸੀਤਲ ਨਾਮ ਨਹੀਂ ਵੱਸਿਆ । ਜਗਤ ਨੂੰ ਜੀਵਨ ਦੇਣ ਵਾਲੇ ਪਰਮਾਤਮਾ ਨੂੰ ਛੱਡ ਕੇ ਕਿਸੇ ਇਨਸਾਨ ਤੇ ਆਸ ਰੱਖਣ ਵਾਲੇ ਵਿਅਕਤੀ ਦੁਚਿੱਤੀ ਵਿਚ ਪੈ ਕੇ ਖੱਜਲ ਖਰਾਬ ਹੁੰਦੇ ਹਨ ਅਤੇ ਜ਼ਿੰਦਗੀ ਦੀ ਰਾਤ ਮੁੱਕਣ ਤੇ ਪਛਤਾਉਂਦੇ ਹਨ ਅਤੇ ਨਿਰਾਸ਼ ਹੀ ਅਜਿਹੇ ਮਨੁਖ ਇਸ ਸੰਸਾਰ ਤੋਂ ਚਲੇ ਜਾਂਦੇ ਹਨ ।ਗੁਰੂ ਜੀ ਫੁਰਮਾਉਂਦੇ ਹਨ ਕਿ ਮੇਰੀ (ਪਰਮਾਤਮਾ ਅੱਗੇ) ਅਰਦਾਸ ਹੈ ਕਿ ਮੈਨੂੰ ਤੇਰੇ ਦਰਸ਼ਨ ਦੀ ਪਿਆਸ ਲੱਗੀ ਰਹੇ । ਉਸ ਵਿਅਕਤੀ ਨੂੰ ਹਾੜ੍ਹ ਦਾ ਤਪਦਾ ਹੋਇਆ ਮਹੀਨਾ ਵੀ ਸੁਹਾਵਣਾ ਲੱਗਦਾ ਹੈ ਜਿਹੜਾ ਆਪਣੇ ਹਿਰਦੇ ਵਿਚ ਹਰੀ ਨੂੰ ਵਸਾਈ ਰੱਖਦਾ ਹੈ ।

## ਬਾਰਹ ਮਾਹਾ ਮਾਂਝ ਵਿੱਚੋਂ ਹਾੜ੍ਹ ਮਹੀਨੇ ਦੇ ਪਾਠ ਦੀ ਕਾਵਿਕ ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ

ਠੰਡ ਹਰੀ ਨਾਮ ਦੀ, ਨਾ ਹੋਵੇ ਜਿਨ੍ਹਾਂ ਹਿਰਦਿਆਂ ਚ, ਹਾੜ ਦਾ ਮਹੀਨਾ ਉਹਨਾਂ ਤਾਈਂ ਹੀ ਤਪਾਉਂਦਾ ਹੈ।

ਜਿੰਦਗੀ ਦੇ ਦਾਤੇ, ਪ੍ਰਮਾਤਮਾ ਨੂੰ ਛੱਡ ਕੇ ਤੇ, ਬੰਦਾ ਜਦੋ ਆਸ, ਕਿਸੇ ਬੰਦੇ ਦੀ ਤਕਾਉਂਦਾ ਹੈ।

ਓਟ ਕਿਸੇ ਹੋਰ ਦੀ ਜੋ ਤੱਕਦੈ, ਖੁਆਰ ਹੁੰਦੇ, ਜਮਾ ਵਾਲੀ ਫਾਹੀ, ਗਲੇ ਆਪਣੇ ਪਵਾਉਂਦਾ ਹੈ।

ਜਿਹੋ ਜਿਹਾ  ਬੀਜਦਾ ਹੈ, ਓਹੋ ਜਿਹਾ ਵੱਢਦਾ ਹੈ,ਮੱਥੇ ਉਤੇ ਲੇਖ ਜੋ, ਲਿਖਾ ਕੇ ਲਿਆਉਂਦਾ ਹੈ।

ਉਮਰਾਂ ਦੀ ਰਾਤ, ਲੰਘ ਜਾਂਦੀ ਹੈ ਨਿਰਾਸਤਾ ਚ, ਤੁਰ ਜਾਂਦਾ ਜੀਵ, ਪਰ ਜਾਂਦਾ ਪਛਤਾਉਂਦਾ ਹੈ।

ਸਾਧੂ ਦਾ ਮਿਲਾਪ, ਜਿਹਨੂੰ ਹੋ ਜਾਵੇ ਜਿੰਦਗੀ ਚ,ਮੁਕਤੀ ਵੀ ਉਹੀ ਦਰਗਾਹ ਵਿਚ ਪਾਉਂਦਾ ਹੈ।



ਕਰ ਦੇ ਤੂੰ ਕਿਰਪਾ, ਤੇ ਦਰਸ਼ਨਾ ਦੀ ਪਿਆਸ ਲਾ ਦੇ, ਨਾਨਕ ਇਹ ਤੇਰੇ ਅੱਗੇ, ਬੇਨਤੀ ਸੁਣਾਉਂਦਾ ਹੈ।

ਪ੍ਰਭੂ ਤੇਰੇ ਚਰਣਾਂ ਚ, ਏਹੋ ਅਰਦਾਸ ਮੇਰੀ, ਤੇਰੇ ਬਿਨ ਦੂਜਾ, ਕੋਈ  ਹੋਰ ਨਾ ਧਿਆਉਂਦਾ ਹੈ।

'ਨੂਰ' ਉਹਨੂੰ ਹਾੜ ਵੀ, ਸੁਹਾਨਾ ਬੜਾ ਲਗਦਾ ਹੈ, ਹਿਰਦੇ ਚ ਅਪਣੇ ਜੋ, ਹਰੀ ਨੂੰ ਵਸਾਉਂਦਾ ਹੈ।

# ਤੁਖਾਰੀ ਰਾਗ ਵਿੱਚ ਹਾੜ ਮਹੀਨੇ ਦੀ
# ਕਾਵਿਕ ਵਿਆਖਿਆ

ਹਾੜ ਦਾ ਮਹੀਨਾ ਜਦੋਂ ਚੜਦਾ ਤਾਂ ਅੰਬਰਾਂ ਤੇ,
ਸੂਰਜ ਹੈ ਅੱਗ ਵਾਂਗੂ ਤਪਦਾ ।
ਸੋਖ ਲੈਂਦੀ ਪਾਣੀ ਸਾਰਾ ਧਰਤੀ ਦਾ ਸੀਨਾ ਵੀ ਹੈ,
ਅੱਗ ਵਾਲੀ ਭੱਠੀ ਵਾਂਗੂੰ ਭਖਦਾ।
ਚੂਸ ਲੈਦੀ ਪਾਣੀ ਸਾਰਾ ਧੁਖ ਧੁਖ ਮਰੀਦਾ ਹੈ,
ਸੂਰਜ ਨਹੀਂ ਕੰਮ ਤਾਂ ਵੀ ਛੱਡਦਾ।
ਸੂਰਜ ਦਾ ਰੱਥ ਘੁੰਮੇ, ਜਿੰਦ ਭਾਲੇ ਛਾਂ ਪਈ,
ਭੀ ਭੀ ਦੀ 'ਵਾਜ਼ ਬੀਂਡਾ ਕੱਢਦਾ।
ਦੁੱਖ ਪਾਉਂਦੀ ਜ਼ਿੰਦਗੀ 'ਚ, ਜਿਹੜੀ ਜੀਵ ਇਸਤਰੀ ਨੇ,
ਭਾਰ ਬੰਨ ਐਗੁਣਾਂ ਦਾ ਚਾ ਲਿਆ ।
ਸੁਖ ਪਾਉਂਦੀ ਸਦਾ ਥਿਰ ਰਹਿਣ ਵਾਲੇ ਪ੍ਰਭੂ ਤਾਈਂ,
ਹਿਰਦੇ 'ਚ ਜੇਸ ਨੇ ਟਿਕਾ ਲਿਆ।
ਨਾਨਕ ਜੀ ਆਖਦੇ ਨੇ, ਜਿਸ ਜੀਵ ਇਸਤਰੀ ਨੂੰ,
ਇਹੋ ਜਿਹਾ ਮਨ ਪ੍ਰਭੂ ਦੇਂਦਾ ਹੈ
ਉਸ ਜੀਵ ਆਤਮਾ ਦਾ ਨਾਲ ਪਰਮਾਤਮਾ ਦੇ
ਸਾਥ 'ਨੂਰ' ਅੰਗ ਸੰਗ ਰਹਿੰਦਾ ਹੈ।

ਇੰਜੀ. ਕਰਮਜੀਤ ਸਿੰਘ ਨੂਰ, ਜਲੰਧਰ 9815023970

## ਬੇਦਾਵਾ ਕਿਥੇ, ਕਦੋਂ ਤੇ ਕਿਨ੍ਹਾਂ ਲਿਖਿਆ? ਭਾਗ-3
## ਬੇਦਾਵੇ ਦੀ ਅਸਲੀਅਤ ਕੀ ਲਗਦੀ ਹੈ?

ਡਾ. ਸਰਦਾਰ ਕਾਬਲ ਸਿੰਘ, ਡਾ. ਸਰਦਾਰ ਬਲਦੇਵ ਸਿੰਘ (ਐਡਮਿੰਟਨ, ਕੈਨੇਡਾ)



ਪ੍ਰਚਲਤ ਸਾਖੀਆਂ ਅਨੁਸਾਰ ਅਨੰਦਪੁਰ ਸਾਹਿਬ ਦੀ ਦੂਜੀ ਲੜਾਈ (ਸੰਨ 1704) ਵੇਲੇ ਕੁਝ ਸਿੱਖਾਂ ਨੇ ਅਤਿਅੰਤ ਮੁਸ਼ਕਲ ਹਾਲਤਾਂ ਕਰਕੇ ਕਿਲਾ ਛੱਡਣ ਦੀ ਜ਼ਿੱਦ ਕੀਤੀ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਜਾਣਾ ਹੈ ਤਾਂ ਬੇਦਾਵਾ ਲਿਖ ਕੇ ਚਲੇ ਜਾਓ (*ਦੇਖੋ ਇਸ ਲੇਖ ਦਾ ਭਾਗ 1, ਸਾਂਝੀ ਵਿਰਾਸਤ, ਅਪ੍ਰੈਲ 2024*)। ਕੁਝ ਸਿੱਖ ਬੇਦਾਵਾ ਦੇ ਕੇ ਘਰਾਂ ਨੂੰ ਪਰਤ ਗਏ, ਜਿਨ੍ਹਾਂ 'ਚੋਂ ਬਹੁਤੇ ਮਾਝੇ ਦੇ ਰਹਿਣ ਵਾਲੇ ਦੱਸੇ ਜਾਂਦੇ ਹਨ। ਇਨ੍ਹਾਂ ਦੇ ਨਾਵਾਂ ਤੇ ਗਿਣਤੀ ਬਾਰੇ ਬਾਰੇ ਕੋਈ ਤਸੱਲੀਬਖਸ਼ ਜਾਣਕਾਰੀ ਨਹੀਂ ਮਿਲਦੀ।

ਇਸ ਧਾਰਨਾ ਦੇ ਉਲਟ ਕੁਝ ਇਤਿਹਾਸਕਾਰਾਂ ਦੇ ਵਿਚਾਰਾਂ (*ਦੇਖੋ ਭਾਗ 2, ਮਈ 2024*) ਤੋਂ ਇਹ ਲਗਦਾ ਹੈ ਕਿ ਕਿਸੇ ਵੀ ਸਿੰਘ ਨੇ ਅਨੰਦਪੁਰ ਸਾਹਿਬ ਵਿਖੇ ਬੇਦਾਵਾ ਨਹੀਂ ਲਿਖਿਆ। ਸਗੋਂ ਸਲਾਹ ਮਸ਼ਵਰਾ ਕਰਕੇ ਅਤੇ ਸਿੰਘਾਂ ਦੀ ਰਾਏ ਮੰਨ ਕੇ ਨਾ ਚਾਹੁੰਦਿਆਂ ਵੀ ਗੁਰੂ ਜੀ ਨੇ ਸਿੰਘਾਂ ਸਮੇਤ ਅਨੰਦਪੁਰ ਦਾ ਕਿਲ੍ਹਾ ਛੱਡ ਦਿੱਤਾ। ਭਾਈ ਸੰਤੋਖ ਸਿੰਘ ਰਚਿਤ "*ਸੂਰਜ ਪ੍ਰਕਾਸ਼ ਗ੍ਰੰਥ*" (1843) ਅਤੇ ਭਾਈ ਸਵਰੂਪ ਸਿੰਘ ਕੌਸ਼ਿਸ਼ ਰਚਿਤ "*ਗੁਰੂ ਕੀਆਂ ਸਾਖੀਆਂ*" (1790) ਵਿੱਚ ਮੁਕਤਸਰ ਦੀ ਲੜਾਈ ਤਕ ਦੀਆਂ ਘਟਨਾਵਾਂ ਅਤੇ ਬੇਦਾਵੇ ਬਾਰੇ ਕੁਝ ਇਸ ਤਰ੍ਹਾਂ ਵਰਨਣ ਹੈ। 'ਪੱਟੀ ਦੇ ਭਾਈ ਸੁਲਤਾਨ ਸਿੰਘ ਅਤੇ ਨਿਧਾਨ ਸਿੰਘ ਦਾ ਪਿਤਾ ਭਾਈ ਦੇਸ ਰਾਜ ਵੜੈਚ ਚੜ੍ਹਾਈ ਕਰ ਗਿਆ।

ਪਿੰਡ ਝਬਾਲ ਦੀ ਮਾਈ ਭਾਗੋ ਭਾਈ ਨਿਧਾਨ ਸਿੰਘ ਦੀ ਪਤਨੀ ਸੀ। ਭਾਈ ਦੇਸ ਰਾਜ ਦੀ ਸਤਾਰ੍ਹਵੀਂ ਵਾਲੇ ਦਿਨ ਪੱਟੀ ਵਿਚ ਸਿੱਖਾਂ ਦਾ ਇਕੱਠ ਹੋਇਆ। ਇਸ ਇਕੱਠ ਵਿਚ ਇੱਕ ਸਿੰਘ ਨੇ ਅਨੰਦਪੁਰ ਤੋਂ ਲੈ ਕੇ ਦੀਨੇ ਕਾਂਗੜ ਤਕ ਦੇ ਸਾਰੇ ਹਾਲਾਤ ਸੁਣਾ ਕੇ ਆਖਿਆ – 'ਅਸੀਂ ਬੜੇ ਅਭਾਗੇ ਸਿੱਖ ਹਾਂ ਜਿਹੜੇ ਅਜਿਹੇ ਘੋਰ ਸੰਕਟ ਵਿੱਚ ਦਸਮੇਸ਼ ਪਿਤਾ ਕੋਲ ਨਹੀਂ ਪਹੁੰਚ ਸਕੇ। ਐਸ ਵੇਲੇ ਗੁਰੂ ਜੀ ਦੀਨੇ ਕਾਂਗੜ ਹਨ। ਸਾਨੂੰ ਉਨ੍ਹਾਂ ਪਾਸ ਜਾਣਾ ਚਾਹੀਦਾ ਹੈ। ਭਾਈ ਭਾਗ ਸਿੰਘ ਝਬਾਲੀਏ ਵਰਗੇ ਅਸਰ-ਰਸੂਖ ਵਾਲੇ ਸਿੱਖ ਵੀ ਆਏ ਹੋਏ ਹਨ, ਜੋ ਸਰਕਾਰ ਨਾਲ ਗੁਰੂ ਜੀ ਦੀ ਸੁਲਾਹ ਕਰਾ ਸਕਦੇ ਹਨ'। ਇਸ ਤਰ੍ਹਾਂ ਦੀਆਂ ਸਲਾਹਾਂ ਕਰਕੇ ਸਿੱਖਾਂ ਨੇ ਗੁਰੂ ਜੀ ਪਾਸ ਹਾਜ਼ਰ ਹੋਣ ਦਾ ਫੈਸਲਾ ਕਰ ਲਿਆ ਤੇ ਇੱਕ ਜੱਥਾ ਬਣਾ ਕੇ ਗੁਰੂ ਜੀ ਨੂੰ ਮਿਲਣ ਤੁਰ ਪਏ।

**ਮਾਝੇ ਤੋਂ ਜੱਥੇ ਦਾ ਗੁਰੂ ਜੀ ਨਾਲ ਮਿਲਾਪ:**

ਇਹ ਜੱਥਾ ਜਦੋਂ ਮੋਗੇ ਕੋਲ ਪਹੁੰਚਾ ਤਾਂ ਪਤਾ ਲੱਗਾ ਕਿ ਗੁਰੂ ਜੀ ਦੀਨਾ ਕਾਂਗੜ ਛੱਡ ਕੇ ਕੋਟਕਪੂਰੇ ਤੋਂ ਅੱਗੇ ਖਿਦਰਾਣੇ ਦੀ ਢਾਬ ਵੱਲ ਚੱਲ ਪਏ ਸਨ। ਤਾਂ ਇਹ ਜੱਥਾ ਵੀ ਉਧਰ ਚੱਲ ਪਿਆ। ਦੂਜੇ ਪਾਸੇ ਮੁਗ਼ਲ ਫੌਜ ਵੀ ਦਸਮ ਪਾਤਸ਼ਾਹ ਨੂੰ ਲੱਭ ਰਹੀ ਸੀ। ਸੂਬੇਦਾਰ ਵਜ਼ੀਰ ਖਾਂ ਨੂੰ ਲੱਗਦਾ ਸੀ ਕਿ ਜੇ ਗੁਰੂ ਹੱਥ ਆ ਜਾਵੇ ਤਾਂ ਉਹ ਔਰੰਗਜ਼ੇਬ ਨੂੰ ਖੁਸ਼ ਕਰ ਸਕੇਗਾ।

'*ਗੁਰੂ ਕੀਆਂ ਸਾਖੀਆਂ'* ਵਿੱਚ ਮਾਝੇ ਦੇ ਜੱਥੇ ਦੇ ਗੁਰੂ ਜੀ ਨੂੰ ਮਿਲਣ ਬਾਰੇ ਕੁਝ ਇਸ ਤਰ੍ਹਾਂ ਵਰਨਣ ਹੈ– ਗੁਰੂ ਜੀ ਤੇ ਸਾਥੀ ਜਦੋਂ ਪਿੰਡ ਰਾਮੇਆਣਾ, ਜੋ ਜੈਤੋ–ਮੁਕਤਸਰ ਸੜਕ ਉਪਰ (ਜ਼ਿਲਾ ਫਰੀਦਕੋਟ) ਮੌਜੂਦ ਹੈ, ਲੰਘ ਕੇ ਕੁਝ ਮੀਲ ਅੱਗੇ ਗਏ ਤਾਂ ਪਿੱਛੇ ਕੁਝ ਦੂਰੀ 'ਤੇ ਧੂੜ ਉਡਦੀ ਨਜ਼ਰ ਆਈ।

ਗੁਰੂ ਜੀ ਦਾ ਵਹੀਰ ਇਕਦਮ ਚੌਕਸ ਹੋ ਗਿਆ ਕਿ ਸ਼ਾਇਦ ਮੁਗ਼ਲ ਫੌਜ ਨੇੜੇ ਢੁਕ ਆਈ ਹੈ। ਥੋੜ੍ਹੇ ਚਿਰ ਪਿੱਛੋਂ ਜਦੋਂ ਧੂੜ ਦੇ ਬੱਦਲ ਕੁਝ ਪਤਲੇ ਹੋਏ ਤਾਂ ਘੋੜਿਆਂ ਤੇ ਸਵਾਰ ਸਿੰਘਾਂ ਦੇ ਧੁੰਦਲੇ ਚਿਹਰੇ ਨਜ਼ਰ ਆਉਣ ਲੱਗ ਪਏ। ਛੇਤੀ ਹੀ ਮਾਝੇ ਦਾ ਜੱਥਾ ਦਸਮੇਸ਼ ਜੀ ਦੇ ਸਨਮੁੱਖ ਆਣ ਖਲੋਤਾ। ਵਾਤਾਵਰਨ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਗੂੰਜ ਉਠਿਆ।

**ਮਾਝੇ ਦੇ ਜੱਥੇ ਦਾ ਗੁਰੂ ਜੀ ਨਾਲ ਵਿਚਾਰ ਵਟਾਂਦਰਾ:** ਜੱਥੇ ਦੇ ਮੋਹਰੀ ਭਾਈ ਭਾਗ ਸਿੰਘ ਅਤੇ ਭਾਈ ਦਿਲਬਾਗ ਸਿੰਘ ਝਬਾਲੀਆਂ ਨੇ ਵਾਪਰੀਆਂ ਘਟਨਾਵਾਂ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਫੇਰ ਬੇਨਤੀ ਕੀਤੀ, 'ਮਹਾਰਾਜ, ਅਸੀਂ ਸਾਰੇ ਮਿਲ ਕੇ ਮਾਝਾ ਦੇਸ਼ ਦੀ ਤਰਫ ਸੇ ਆਪ ਕਾ ਦਿੱਲੀ ਸਰਕਾਰ ਸੇ ਹਮੇਸ਼ਾ ਲਈ ਸਮਝੌਤਾ ਕਰਾਏ ਦੇਤੇਂ ਹੈ ਤਾਂ ਕਿ ਤੁਸੀਂ ਆਗੇ ਸੇ ਬਾਕੀ ਕੀ ਜ਼ਿੰਦਗੀ ਚੰਗੀ ਤਰਹ ਸੇ ਬਿਤੀਤ ਕਰ ਸਕੇਂ ਤੇ ਅਸੀਂ ਆਪ ਕੇ ਸੇਵਕ ਬਨੇ ਰਹੀਏ'। ਜੱਥੇ ਵਿੱਚ ਮੌਜੂਦ ਲਹੌਰੀਏ ਸਿੱਖਾਂ ਨੇ ਵੀ ਸੁਲਾਹ ਦੇ ਹੱਕ ਵਿਚ ਕੁਝ ਦਲੀਲਾਂ ਦਿੱਤੀਆਂ।

ਗੁਰੂ ਜੀ ਨੂੰ ਸੁਲਾਹ ਦੀ ਗੱਲ ਚੰਗੀ ਨਹੀਂ ਲੱਗੀ। ਉਨ੍ਹਾਂ ਕਿਹਾ ਕਿ ਹੁਣ ਜਦੋਂ ਸਭ ਕੁਝ ਤਬਾਹ ਹੋ ਚੁੱਕਾ ਸੀ ਅਤੇ ਮੁਗ਼ਲ ਫੌਜ ਅਜ ਵੀ ਸਿਰ 'ਤੇ ਚੜ੍ਹੀ ਆ ਰਹੀ ਸੀ, ਸੁਲਾਹ ਦਾ ਇਹ ਕੋਈ ਮੌਕਾ ਨਹੀਂ ਸੀ। ਗੁਰੂ ਜੀ ਨੇ ਕੁਝ ਇਸ ਤਰ੍ਹਾਂ ਕਿਹਾ (ਉਪਰ ਦਿੱਤੇ ਸਰੋਤ ਅਨੁਸਾਰ)– 'ਸਿੱਖ ਤਾਂ ਹੁੰਦੇ ਹਨ ਉਪਦੇਸ਼ ਲੈਣ ਲਈ, ਤੁਸੀਂ ਸਾਨੂੰ ਉਪਦੇਸ਼ ਦੇਣ ਆਏ ਹੋ। ਹੁਣ ਤੁਸੀਂ ਸਾਡੇ ਝਗੜੇ ਨਿਬੇੜਨਾ ਚਾਹੁੰਦੇ ਹੋ, ਪਹਿਲਾਂ ਤੁਸੀਂ ਕਿੱਥੇ ਗਏ ਹੋਏ ਸੀ। ਜਦੋਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹੋਈ, ਉਦੋਂ ਤਾਂ ਬਾਦਸ਼ਾਹ ਨੂੰ ਕੁਝ ਕਹਿਣ ਲਈ ਕੋਈ ਨਹੀਂ ਗਿਆ। ਸਾਰੇ ਆਪਣੇ–ਆਪਣੇ ਘਰਾਂ ਵਿਚ ਡਰ ਕੇ ਬੈਠੇ ਰਹੇ। ਫੇਰ ਨੌਂਵੇਂ ਪਾਤਸ਼ਾਹ ਸ਼ਹਾਦਤ ਦੇਣ ਦਿੱਲੀ ਗਏ। ਕਿਸੇ ਨੇ ਜਾ ਕੇ ਬਾਦਸ਼ਾਹ ਨੂੰ ਕੁਝ ਨਾ ਆਖਿਆ'।

**ਕੁਝ ਸਿੱਖਾਂ ਵਲੋਂ ਬੇਦਾਵਾ ਲਿਖਣਾ:**

(*ਗੁਰੂ ਕੀਆਂ ਸਾਖੀਆਂ, ਸਾਖੀ 90ਵੀਂ*) ਸਤਿਗੁਰਾਂ ਦੀਆਂ ਖਰੀਆਂ ਖਰੀਆਂ ਸੁਨ ਆਗੇ ਸੇ ਭਾਗ ਸਿੰਘ ਝਬਾਲੀਏ ਨੇ ਕਹਾ ਕਿ ਗਰੀਬ ਨਿਵਾਜ਼, ਜੇ ਤੁਸਾਂ ਇਸੇ ਤਰਹ ਰਹਿਨਾ ਹੈ ਤਾਂ ਹਮਾਰੇ ਸੇ ਆਪ ਕੀ ਸਿੱਖੀ ਨਹੀਂ ਨਿਭ ਸਕਦੀ, ਹਮ ਵਾਪਸ ਜਾਤੇ ਹੈਂ।

ਗੁਰੂ ਜੀ ਨੇ ਆਗੇ ਸੇ ਕਹਾ, 'ਜੇ ਤੁਮ ਆਏ ਹੋ ਤਾਂ ਲਿਖ ਕੇ ਦੇ ਜਾਈਏ ਕਿ ਆਜ ਸੇ ਮਾਝਾ ਦੇਸ਼ ਗੁਰੂ ਕਾ ਸਿੱਖ ਨਹੀਂ ਰਹਾ'। ਇਹ ਸੀ ਉਹ ਅਭਾਗੀ ਘੜੀ ਜਦੋਂ ਮਾਝੇ ਦੇ ਢਿੱਲੋਂ ਗੋਤ ਦੇ ਚਾਰ ਸਿੱਖਾਂ ਨੇ ਬੇਦਾਵੇ ਦੇ ਕਾਗਜ਼ 'ਤੇ ਦਸਤਖਤ ਕਰ ਦਿੱਤੇ। 'ਪ੍ਰਿਥਮੇ ਭਾਗ ਸਿੰਘ ਝਬਾਲੀਏ ਲਿਖਾ, ਇਸੇ ਦੇਖ ਦਿਲਬਾਗ ਸਿੰਘ, ਘਰਬਾਰਾ ਸਿੰਘ ਤੇ ਗੰਡਾ ਸਿੰਘ ਚੌਹਾਂ ਝਬਾਲੀਆਂ ਨੇ ਕਲਮ ਪਕੜ ਦਸਤਖਤ ਕਰ ਦੀਏ'। ਜੱਥੇ ਦੇ ਬਾਕੀ ਸਿੰਘ ਅਚਾਨਕ ਵਾਪਰੀ ਇਸ ਘਟਨਾ 'ਤੇ ਹੈਰਾਨ ਹੁੰਦੇ ਡੂੰਘੀਆਂ ਸੋਚਾਂ ਵਿੱਚ ਪੈ ਗਏ ਪਰ ਉਨ੍ਹਾਂ ਗੁਰੂ ਨਾਲੋਂ ਤੋੜ-ਵਿਛੋੜਾ ਕਰਨ ਵਾਲੇ ਬੇਦਾਵੇ 'ਤੇ ਦਸਤਖਤ ਨਾ ਕੀਤੇ।

ਰਾਮੇਆਣੇ ਦੇ ਇਲਾਕੇ ਵਿੱਚ ਖਿਦਰਾਣੇ ਦੀ ਢਾਬ ਨੇੜੇ ਸਰਕਾਰ ਨਾਲ ਸੁਲਾਹ ਕਰਨ ਦਾ ਸੁਝਾਅ ਦੇਣ ਵਾਲੇ ਮੜੈਲਾਂ ਨੂੰ ਗੁਰੂ ਜੀ ਵੱਲੋਂ ਪਾਈ ਝਾੜ, ਅਤੇ ਇਸ ਅਸਥਾਨ 'ਤੇ ਕੇਵਲ ਚਾਰ ਸਿੱਖਾਂ ਵੱਲੋਂ ਲਿਖੇ 'ਬੇਦਾਵੇ' ਨੂੰ ਬਹੁਤ ਸਾਰੇ ਪੁਰਾਤਨ ਅਤੇ ਆਧੁਨਿਕ ਵਿਦਵਾਨਾਂ ਨੇ ਸਹੀ ਮੰਨ ਕੇ ਇਸ ਦੀ ਪੁਸ਼ਟੀ ਕੀਤੀ ਹੈ।

ਅਜਿਹੇ ਵਿਦਵਾਨਾਂ ਵਿਚ ਭਾਈ (ਭੱਟ) ਸਵਰੂਪ ਸਿੰਘ ਕੌਸ਼ਿਸ਼ (*ਗੁਰੂ ਕੀਆਂ ਸਾਖੀਆਂ*), ਭਾਈ ਸੰਤੋਖ ਸਿੰਘ, ਗਿਆਨ ਸਿੰਘ, ਮੈਕਾਲਿਫ, ਭਾਈ ਵੀਰ ਸਿੰਘ (*ਕਲਗੀਧਰ ਚਮਤਕਾਰ*), ਪ੍ਰਿੰ. ਸਤਿਬੀਰ ਸਿੰਘ, ਪ੍ਰੋ. ਪਿਆਰਾ ਸਿੰਘ ਪਦਮ, ਡਾ. ਗੁਰਬਚਨ ਸਿੰਘ ਨਈਅਰ, ਅਤੇ ਡਾ. ਸੰਗਤ ਸਿੰਘ ਆਦਿ ਸ਼ਾਮਲ ਹਨ। ਨਿਰੰਜਣ ਸਿੰਘ ਸਾਥੀ ਦੇ ਲਿਖੇ ਲੜੀਵਾਰ ਇਤਿਹਾਸਕ ਲੇਖਾਂ ਵਿਚ ਵੀ ਇਨ੍ਹਾਂ ਸਰੋਤਾਂ ਦਾ ਵਰਨਣ ਹੈ।

ਗਿਆਨੀ ਸੋਹਣ ਸਿੰਘ ਸੀਤਲ ਦੀ ਕਿਤਾਬ *'ਮਨੁੱਖਤਾ ਦੇ ਗੁਰੂ, ਗੁਰੂ ਗੋਬਿੰਦ ਸਿੰਘ'* ਵਿੱਚ ਮਾਝੇ ਦੇ ਸਿੱਖਾਂ ਦੇ ਗੁਰੂ ਨਾਲ ਰਾਮੇਆਣੇ ਨੇੜੇ ਮਿਲਾਪ ਬਾਰੇ ਦਿੱਤਾ ਵਰਨਣ ਉਪਰ ਲਿਖੇ ਨਾਲੋਂ ਕੁਝ ਵਖਰਾ ਹੈ। ਇਸ ਵਿਚ ਮਾਈ ਭਾਗੋ ਤੇ ਭਾਈ ਮਹਾਂ ਸਿੰਘ ਤੋਂ ਬਿਨਾ ਕੋਈ ਨਾਂ ਨਹੀਂ ਦਿੱਤਾ, ਪੱਟੀ ਪਿੰਡ ਵਿਚ ਇਕੱਠ ਬਾਰੇ ਕੁਝ ਨਹੀਂ ਲਿਖਿਆ ਅਤੇ ਬੇਦਾਵਾ ਲਿਖਣ ਦਾ ਵਰਨਣ ਨਹੀਂ ਹੈ। ਮਾਝੇ ਤੋਂ ਜੱਥਾ ਆਉਣ ਦਾ ਕਾਰਨ ਦੁਨੀ ਚੰਦ ਦੇ ਨਾਲ ਕੁਝ ਮਝੈਲ ਸਿੱਖਾਂ ਵਲੋਂ ਅਨੰਦਪੁਰ ਕਿਲਾ ਛੱਡ ਕੇ ਆਉਣ ਕਾਰਨ ਇਸ ਇਲਾਕੇ ਵਿਚ ਪਛਤਾਵੇ ਦੀ ਭਾਵਨਾ ਹੋਣਾ ਲਿਖਿਆ ਹੈ।

**ਬੇਦਾਵਾ ਲਿਖਣ ਦੀ ਥਾਂ ਬਾਰੇ ਸੰਭਵ ਸਾਰਅੰਸ਼:**

ਜੇ ਖਿਦਰਾਣੇ ਦੀ ਢਾਬ 'ਤੇ ਬੇਦਾਵਾ ਪਾੜਿਆ ਗਿਆ ਸੀ ਤਾਂ ਇਹ ਕਿਤੇ ਨਾ ਕਿਤੇ ਤਾਂ ਜ਼ਰੂਰ ਲਿਖਿਆ ਗਿਆ ਹੋਣਾ। ਵਿਚਾਰ ਚਰਚਾ ਤੋਂ ਇਹੀ ਸੰਭਵ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਬੇਦਾਵਾ ਇੱਕ ਤਾਜ਼ਾ ਦਸਤਾਵੇਜ਼ ਸੀ ਜੋ ਮੁਕਤਸਰ ਦੇ ਨੇੜੇ ਤੇੜੇ ਕੁਝ ਸਰਕਾਰ-ਪੱਖੀ ਸਿੱਖਾਂ ਵਲੋਂ ਲਿਖਿਆ ਗਿਆ ਸੀ।

*ਨੋਟ: ਕਿਸੇ ਵੀ ਗਲਤੀ ਲਈ ਮੁਆਫ਼ੀ ਦੀ ਜਾਚਨਾ ਹੈ।*

# ਸਿੱਧ ਗੋਸ਼ਟਿ ਦਾ ਸਾਰ (ਭਾਗ – 6)

(ਡਾ.) ਸਰਦਾਰ ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)

ਇਸ ਲੜੀ ਦੇ ਪਿਛਲੇ ਭਾਗ ਜਨਵਰੀ ਤੋਂ ਮਈ 2024 ਦੇ ਅੰਕਾਂ ਵਿਚ ਪੜ੍ਹ ਸਕਦੇ ਹੋ ਜੀ

ਸਿੱਧਾਂ ਦਾ ਇਹ ਵਿਸ਼ਵਾਸ ਸੀ ਕਿ ਸਿੱਧੀਆਂ ਨਾਲ ਮੁਕਤੀ ਹੋ ਸਕਦੀ ਹੈ। ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨੂੰ ਕਿਹਾ ਕਿ ਸੰਸਾਰ ਵਿੱਚ ਈਮਾਨਦਾਰੀ ਨਾਲ ਕਮਾਈ ਕਰ ਕੇ, ਲੋੜਵੰਦਾਂ ਦੀ ਮਦਦ ਕਰ ਕੇ ਅਤੇ ਪ੍ਰਮਾਤਮਾ ਨੂੰ ਹਰ ਵੇਲੇ ਯਾਦ ਰਖਿੱਆਂ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਪਵਿੱਤਰਤਾ ਅਤੇ ਮੁਕਤੀ ਸੱਚੇ ਸ਼ਬਦ ਦੇ ਬਗ਼ੈਰ ਨਹੀਂ ਮਿਲਦੇ। ਹੋਰ ਸਭ ਭਟਕਣਾਂ ਹਨ।

ਸਿੱਧਾਂ ਦੇ ਪੁਛੇ ਗਏ ਕੁਝ ਪ੍ਰਸ਼ਨਾਂ ਦੇ ਗੁਰੂ ਸਾਹਿਬ ਵਲੋਂ ਦਿੱਤੇ ਉਤੱਰ ਅੱਗੇ ਇਸ ਲੜੀ ਵਿਚ ਹਨ।

ਗੁਰੁ ਸਾਹਿਬ ਨੇ ਸਮਝਾਇਆ ਕਿ ਸੱਚੇ ਸੁਆਮੀ ਦੀ ਭੁੱਖ ਮਨੁੱਖ ਦੇ ਦੁੱਖ ਮਿਟਾ ਲਵੇਗੀ ਅਤੇ ਸੱਚੇ ਪ੍ਰਭੂ ਦੇ ਰਾਹੀਂ ਉਹ ਰੱਜ ਜਾਵੇਂਗਾ। ਗੁਰਮੁਖ ਬਾਣੀ ਦੀ ਅਟੁੱਟ ਧੁਨੀ ਨੂੰ ਜਾਣਦਾ ਹੈ; ਕਿੰਨੇ ਵਿਰਲੇ ਹਨ ਜੋ ਸਮਝਦੇ ਹਨ। ਨਾਨਕ ਆਖਦਾ ਹੈ, ਜੋ ਸੱਚ ਬੋਲਦਾ ਹੈ, ਉਹ ਸੱਚ ਦੇ ਰੰਗ ਵਿੱਚ ਰੰਗਿਆ ਜਾਂਦਾ ਹੈ, ਜੋ ਕਦੇ ਫਿੱਕਾ ਨਹੀਂ ਪੈਂਦਾ।

ਜਦੋਂ ਇਹ ਦਿਲ ਅਤੇ ਸਰੀਰ ਨਹੀਂ ਸੀ, ਤਾਂ ਮਨ ਕਿੱਥੇ ਰਹਿੰਦਾ ਸੀ? ਜਦੋਂ ਨਾਭੀ ਕਮਲ ਦਾ ਕੋਈ ਸਹਾਰਾ ਨਹੀਂ ਸੀ ਤਾਂ ਸਾਹ ਕਿਸ ਘਰ ਵਿਚ ਵੱਸਦਾ ਸੀ? ਜਦੋਂ ਕੋਈ ਸਰੂਪ ਜਾਂ ਸ਼ਕਲ ਹੀ ਨਹੀਂ ਸੀ ਤਾਂ ਕੋਈ ਪਿਆਰ ਨਾਲ ਸ਼ਬਦ ਦਾ ਧਿਆਨ ਕਿਵੇਂ ਧਰ ਸਕਦਾ ਸੀ?

ਜਦੋਂ ਅੰਡੇ ਅਤੇ ਸ਼ੁਕ੍ਰਾਣੂ ਤੋਂ ਕੋਈ ਕੋਠੜੀ ਨਹੀਂ ਬਣਦੀ ਸੀ, ਤਾਂ ਪ੍ਰਭੂ ਦੀ ਕੀਮਤ ਅਤੇ ਹੱਦ ਕੌਣ ਮਾਪ ਸਕਦਾ ਸੀ ? ਜਦੋਂ ਰੰਗ, ਪਹਿਰਾਵਾ ਅਤੇ ਰੂਪ ਨਹੀਂ ਦਿਸਦਾ ਤਾਂ ਸੱਚੇ ਸੁਆਮੀ ਨੂੰ ਕਿਵੇਂ ਜਾਣਿਆ ਜਾ ਸਕਦਾ ਹੈ ? ਗੁਰੁ ਨਾਨਕ ਸਾਹਿਬ ਨੇ ਕਿਹਾ ਕਿ ਜੋ ਪ੍ਰਭੂ ਦੇ ਨਾਮ ਨਾਲ ਰੰਗੇ ਹੋਏ ਹਨ, ਉਹ ਨਿਰਲੇਪ ਹਨ। ਤਦੋਂ ਅਤੇ ਹੁਣ, ਉਹ ਸੱਚੇ ਦੇ ਸੱਚ ਨੂੰ ਵੇਖਦੇ ਹਨ। ਜਦੋਂ ਦਿਲ ਅਤੇ ਦੇਹ ਦੀ ਹੋਂਦ ਨਹੀਂ ਸੀ ਤਦੋਂ ਮਨ ਪੂਰਨ, ਨਿਰਲੇਪ ਪ੍ਰਭੂ ਵਿੱਚ ਵੱਸਦਾ ਸੀ। ਜਦੋਂ ਨਾਭੀ ਦੇ ਕੰਵਲ ਦਾ ਕੋਈ ਆਸਰਾ ਨਾ ਰਿਹਾ, ਸੁਆਸ ਪ੍ਰਭੂ ਦੇ ਪ੍ਰੇਮ ਵਿਚ ਰੰਗਿਆ ਹੋਇਆ, ਆਪਣੇ ਘਰ ਵਿਚ ਹੀ ਰਿਹਾ।

ਜਦੋਂ ਕੋਈ ਸਰੂਪ ਜਾਂ ਸ਼ਕਲ ਜਾਂ ਸਮਾਜਕ ਵਰਗ ਨਹੀਂ ਸੀ, ਤਦੋਂ ਸ਼ਬਦ ਆਪਣੇ ਮੂਲ ਸਾਰ ਰੂਪ ਵਿੱਚ, ਅਪ੍ਰਤੱਖ ਪ੍ਰਭੂ ਵਿੱਚ ਵੱਸਦਾ ਸੀ। ਜਦੋਂ ਸੰਸਾਰ ਅਤੇ ਆਕਾਸ਼ ਦੀ ਹੋਂਦ ਵੀ ਨਹੀਂ ਸੀ, ਤਦੋਂ ਨਿਰਾਕਾਰ ਪ੍ਰਭੂ ਦੀ ਜੋਤਿ ਨੇ ਤਿੰਨਾਂ ਜਹਾਨਾਂ ਨੂੰ ਭਰ ਦਿੱਤਾ। ਰੰਗ, ਪਹਿਰਾਵਾ ਅਤੇ ਰੂਪ ਇਕ ਪ੍ਰਭੂ ਵਿਚ ਹੀ ਸਮਾਏ ਹੋਏ ਸਨ; ਸ਼ਬਦ ਇਕ, ਅਦਭੁਤ ਸੁਆਮੀ ਵਿਚ ਟਿਕਿਆ ਹੋਇਆ ਸੀ। ਸੱਚੇ ਨਾਮ ਦੇ ਬਾਝੋਂ ਕੋਈ ਪਵਿਤ੍ਰ ਨਹੀਂ ਹੋ ਸਕਦਾ। ਗੁਰੂ ਨਾਨਕ ਸਾਹਿਬ ਉਪਦੇਸ਼ ਦਿੰਦੇ ਹਨ ਜੀਵਨ ਦੀ ਸਫਲਤਾ ਲਈ ਇਹੁ ਨਾਮੁ ਜਪੀਏ ॥

ਪ੍ਰਸ਼ਨ : ਕਿਵੇਂ ਅਤੇ ਕਿਸ ਤਰੀਕੇ ਨਾਲ, ਸੰਸਾਰ ਦੀ ਰਚਨਾ ਹੋਈ ਹੇ ? ਅਤੇ ਕਿਹੜੀ ਤਬਾਹੀ ਇਸ ਨੂੰ ਖਤਮ ਕਰੇਗੀ?"

ਉਤੱਰ : ਹੰਕਾਰ ਅੰਦਰ ਸੰਸਾਰ ਰਚਿਆ ਹੋਇਆ ਹੈ। ਨਾਮ ਨੂੰ ਭੁਲਾ ਕੇ ਇਨਸਾਨ ਦੁਖੀ ਹੋ ਕੇ ਮਰ ਜਾਂਦਾ ਹੈ। ਜੋ ਗੁਰਮੁਖ ਬਣ ਜਾਂਦਾ ਹੈ, ਉਹ ਆਤਮਕ ਗਿਆਨ ਦੇ ਤੱਤ ਨੂੰ ਵਿਚਾਰਦਾ ਹੈ; ਸਬਦ ਦੁਆਰਾ ਉਹ ਆਪਣੀ ਹੰਗਤਾ ਨੂੰ ਸਾੜ ਦਿੰਦਾ ਹੈ। ਉਸ ਦਾ ਤਨ ਤੇ ਮਨ ਪਵਿੱਤ੍ਰ ਬਾਣੀ ਦੀ ਰਾਹੀਂ ਪੇਿਵਤ੍ਰ ਬਣ ਜਾਂਦਾ ਹੈ। ਉਹ ਸੱਚ ਵਿੱਚ ਲੀਨ ਰਹਿੰਦਾ ਹੈ। ਪ੍ਰਭੂ ਦੇ ਨਾਮ ਦੀ ਰਾਹੀਂ ਉਹ ਨਿਰਲੇਪ ਰਹਿੰਦਾ ਹੈ; ਉਹ ਸੱਚੇ ਨਾਮ ਨੂੰ ਆਪਣੇ ਹਿਰਦੇ ਅੰਦਰ ਟਿਕਾਉਂਦਾ ਹੈ।

ਗੁਰੁ ਨਾਨਕ ਸਾਹਿਬ ਯੋਗੀਆਂ ਤੇ ਸਿੱਧਾਂ ਨੂੰ ਇਹ ਦੱਸ ਰਹੇ ਹਨ ਕਿ ਪਰਮਾਤਮਾਂ ਦੇ ਨਾਮ ਦੇ ਬਾਝੋਂ, ਯੋਗ ਦੀ ਪ੍ਰਾਪਤੀ ਨਹੀਂ ਹੁੰਦੀ; ਇਸ ਨੂੰ ਆਪਣੇ ਦਿਲ ਵਿੱਚ ਵਿਚਾਰੋ, ਅਤੇ ਵੇਖੋ। ਗੁਰਮੁਖ ਉਹ ਹੈ ਜੋ ਸੱਚੇ ਸ਼ਬਦ ਨੂੰ ਵਿਚਾਰਦਾ ਹੈ। ਸੱਚੀ ਬਾਣੀ ਗੁਰਮੁਖਾਂ ਦੇ ਹਿਰਦੇ ਵਿਚ ਪਰਗਟ ਹੁੰਦੀ ਹੈ। ਗੁਰਮੁਖਾਂ ਦਾ ਮਨ ਪ੍ਰਭੂ ਦੇ ਪ੍ਰੇਮ ਨਾਲ ਰੰਗਿਆ ਹੋਇਆ ਹੈ, ਪਰ ਇਹ ਗਲ ਸਮਝਣ ਵਾਲੇ ਕਿੰਨੇ ਵਿਰਲੇ ਹਨ। ਗੁਰਮੁਖ ਆਪਣੇ ਘਰ ਅੰਦਰ ਹੀ ਅੰਦਰ ਵੱਸਦਾ ਹੈ। ਗੁਰਮੁਖ ਯੋਗ ਦੇ ਰਾਹ ਨੂੰ ਸਮਝਦਾ ਹੈ। ਗੁਰਮੁਖ ਕੇਵਲ ਇਕ ਪ੍ਰਭੂ ਨੂੰ ਹੀ ਜਾਣਦਾ ਹੈ।

ਗੁਰੂ ਸਾਹਿਬ ਅਨੁਸਾਰ ਸੱਚੇ ਗੁਰਾਂ ਦੀ ਟਹਿਲ ਕਮਾਉਣ ਦੇ ਬਗੈਰ, ਯੋਗ ਦੀ ਪ੍ਰਾਪਤੀ ਨਹੀਂ ਹੁੰਦੀ; ਸੱਚੇ ਗੁਰਾਂ ਨੂੰ ਮਿਲਣ ਤੋਂ ਬਿਨਾ ਕੋਈ ਵੀ ਮੁਕਤ ਨਹੀਂ ਹੁੰਦਾ।

ਸੱਚੇ ਗੁਰਾਂ ਨੂੰ ਮਿਲਣ ਤੋਂ ਬਿਨਾ ਨਾਮ ਨਹੀਂ ਪਾਇਆ ਜਾ ਸਕਦਾ। ਸੱਚੇ ਗੁਰਾਂ ਨੂੰ ਮਿਲਣ ਦੇ ਬਾਝੋਂ ਹਰ ਬੰਦਾ ਬਹੁਤ ਦੁਖੀ ਹੁੰਦਾ ਹੈ। ਸੱਚੇ ਗੁਰਾਂ ਨੂੰ ਮਿਲਣ ਦੇ ਬਾਝੋਂ ਕੇਵਲ ਹੰਕਾਰ ਦਾ ਗਹਿਰਾ ਹਨੇਰਾ ਹੀ ਹੈ। ਸੱਚੇ ਗੁਰਾਂ ਦੇ ਬਾਝੋਂ ਮਨੁੱਖ ਇਸ ਜੀਵਨ ਦਾ ਕੀਮਤੀ ਮੌਕਾ ਗਵਾ ਕੇ ਮਰ ਜਾਂਦਾ ਹੈ। ਗੁਰਮੁਖ ਆਪਣੀ ਹਉਮੈ ਨੂੰ ਕਾਬੂ ਕਰਕੇ ਆਪਣੇ ਮਨ ਨੂੰ ਜਿੱਤ ਲੈਂਦਾ ਹੈ। ਗੁਰਮੁਖ ਸੱਚ ਨੂੰ ਆਪਣੇ ਹਿਰਦੇ ਵਿੱਚ ਟਿਕਾਉਂਦਾ ਹੈ। ਗੁਰਮੁਖਿ ਸੰਸਾਰ ਨੂੰ ਜਿੱਤ ਲੈਂਦਾ ਹੈ; ਉਹ ਮੌਤ ਦੇ ਦੂਤ ਨੂੰ ਖੜਕਾਉਂਦਾ ਹੈ, ਅਤੇ ਇਸਨੂੰ ਮਾਰ ਦਿੰਦਾ ਹੈ। ਗੁਰਮੁਖ ਪ੍ਰਭੂ ਦੇ ਦਰਬਾਰ ਅੰਦਰ ਕਦੇ ਨਹੀਂ ਹਾਰਦਾ। ਗੁਰਮੁਖ ਹਮੇਸ਼ਾਂ ਪਰਮਾਤਮਾ ਦੇ ਮਿਲਾਪ ਵਿਚ ਜੁੜਿਆ ਹੋਇਆ ਹੈ; ਉਹ ਹੀ ਸਾਰੇ ਭੇਦ ਜਾਣਦਾ ਹੈ। ਗੁਰਮੁਖ ਸ਼ਬਦ ਦੀ ਸੋਝੀ ਰੱਖਦਾ ਹੈ।

ਗੁਰੂ ਨਾਨਕ ਸਾਹਿਬ ਕਹਿ ਰਹੇ ਹਨ : ਹੇ ਯੋਗੀਓ, ਸੁਣੋ। ਇਸ ਸਾਰੇ ਸ਼ਬਦ ਦਾ ਸਾਰ ਇਹ ਹੈ, ਕਿ ਨਾਮ ਦੇ ਬਾਝੋਂ ਕੋਈ ਯੋਗ ਨਹੀਂ ਹੈ। ਜੋ ਨਾਮ ਵਿਚ ਰੰਗੇ ਰਹਿੰਦੇ ਹਨ, ਉਹ ਦਿਨ ਰਾਤ ਪ੍ਰਭੂ ਦੀ ਯਾਦ ਦੇ ਨਸ਼ੇ ਵਿਚ ਮਸਤ ਰਹਿੰਦੇ ਹਨ; ਇੱਕ ਪ੍ਰਭੂ ਦੇ ਨਾਮ ਦੇ ਰਾਹੀਂ ਹੀ ਉਹ ਆਰਾਮ ਪਾਉਂਦੇ ਹਨ। ਨਾਮ ਦੇ ਰਾਹੀਂ, ਸਭ ਗਿਆਨ ਪ੍ਰਗਟ ਹੁੰਦਾ ਹੈ; ਨਾਮ ਦੇ ਰਾਹੀਂ ਹੀ ਸਮਝ ਪ੍ਰਾਪਤ ਹੁੰਦੀ ਹੈ। ਨਾਮ ਦੇ ਬਾਝੋਂ ਲੋਕ ਹਰ ਕਿਸਮ ਦੇ ਧਾਰਮਿਕ ਵਸਤਰ ਪਹਿਨਦੇ ਹਨ; ਸੱਚੇ ਸੁਆਮੀ ਨੇ ਆਪ ਹੀ ਉਹਨਾਂ ਨੂੰ ਭੁਲੇਖਾ ਪਾ ਦਿੱਤਾ ਹੈ। ਨਾਮ ਸੱਚੇ ਗੁਰਾਂ ਪਾਸੋਂ ਹੀ ਪ੍ਰਾਪਤ ਹੁੰਦਾ ਹੈ, ਤਦ ਹੀ ਅਸਲੀ ਯੋਗ ਦਾ ਰਸਤਾ ਪਾਇਆ ਜਾਂਦਾ ਹੈ। ਇਸ ਬਾਰੇ ਆਪਣੇ ਮਨ ਵਿੱਚ ਵਿਚਾਰ ਕਰੋ, ਅਤੇ ਵੇਖੋ। ਗੁਰੂ ਨਾਨਕ ਜੀ ਕਹਿੰਦੇ ਹਨ ਨਾਮ ਦੇ ਬਾਝੋਂ ਮੁਕਤੀ ਨਹੀਂ ਮਿਲਦੀ।

## Guru Arjan Sahib's Multiculturism, Inter-Faith Dialogue, and his All-Inclusive Philosophy

**Dr Sardar Raja Balraj Singh, Calgary (Canada)**

**Guru Arjan Sahib** had to face extreme opposition from his elder brother, Pirthi Chand, who was hopeful of succeeding their father Guru Ramdas Sahib (the fourth Guru), but Pirthi Chand was considered unworthy of the exalted position. Guru Ramdas Sahib valued the divine qualities of his younger son since his childhood and anointed him his successor (the fifth Guru). Pirthi Chand and his son Meharban tried to harm Guru Arjan's son Hargobind Sahib (later the sixth Guru) but failed. In all humility, Guru Arjan Sahib treated his brother and his son with respect and restraint. About Guru Arjan Sahib, the *Bhatts* (Brahmin Scholars of *Vedas)* have written in Guru Granth Sahib:

ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥ (*Bhatt Kall, 1406*).

ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ ॥ (*Mathura, 1409*).

**Guru's Sacrifice for Human Rights** : The wicked path of religious intolerance, hatred, forcible conversions, and persecution of the Hindus was followed by the Moghul rulers of that time.

Guru Arjan Sahib preached tolerance, equality and love for all. He opposed the forced conversions of Hindus to Islam and the injustice meted out to them. Guru Sahib earned the wrath of the unjust rulers, tolerated the unbearable torture inflicted upon him and willingly sacrificed his own life (in1606) for his principles. This was the first-ever sacrifice for Protection of Human Rights. The first UN Charter of Human Rights came in 1948.

ਗੁਰ ਗਮ ਪ੍ਰਮਾਣਿ ਅਜਰੁ ਜਰਿਓ ਸਰਿ ਸੰਤੋਖ ਸਮਾਇਅਉ ॥ (*Bhatt Kall, 1409*)

**T**he foundation of Gurdwaras Darbar Sahib at Amritsar and Taran Taaran (accessible to all irrespective of caste, creed, gender and social status), and the establishment of the city of Taran Taaran, are among Guru Sahib's several unique contributions to Sikhism. For laying the foundation stone of *Darbar Sahib (at Amritsar),* Guru Arjan Sahib invited a devoted Muslim Saint, Mian Mir, emphasizing that all religions are equal, their teachings and their saints should be equally respected by one and all.

.

**The Holy Scripture for humanity*:*** The compilation of *Pothi Sahib* in 1604 by Guru Arjan Sahib (now known as Sri Guru Granth Sahib) was the most precious gift and spiritual light house for the whole humanity. In addition to divine verses of the Sikh Gurus, Sri Guru Granth Sahib has verses of 11 *Bhatts* (Saraswat Brahmin scholars, or bards), 15 *Bhagats* (*Saints*), and some other learned devotees. Thus, Guru Sahib rejected the age-old artificial division of society into 'high' and 'low' castes.

**Social Inclusivity** :The contributors to Sri Guru Granth Sahib came from different regions of India

ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ
ਦਿਸਹਿ ਬਾਹਰਾ ਜੀਉ ॥ ਰਾਗ ਮਾਝ,
97 ॥

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ
ਵਰਨਾ ਕਉ ਸਾਝਾ ॥ ਰਾਗ ਸੂਹੀ,
747 ॥

These include three Muslims, Kabir the weaver from Banaras (243+ verses), Farid (Sufi saint) from Multan (130+verses) and Bhikhan. Five more were workers (then erroneously believed to belong to 'lower castes').These were simple devotees with no pretentions of sainthood.

One was a dyer, Namdev, from Maharashtra, the other a leather worker, Ravidas, from Uttar Pradesh, another a butcher, Sadhna, from Sindh, then a barber Sain and a farmer, Dhanna, from Rajasthan. The others who contributed to this holy scripture were the Rajput Peepa from Rajasthan, trader Trilochan from Maharashtra, Khatri Sundar, two accomplished musicians (*Rabaabi*) Satta and Balwand and the Brahmin scholars Jaidev from Bengal, Ramanand from Tamil Nadu, Surdas, Beni from Bihar and Parmanand from Maharashtra.

**Multiculturism and Inter-Faith Dialogue** : Guru Arjan Sahib set a unique example of respect for all religious faiths with belief in one God, equality and brotherhood of all human beings (irrespective of any man-made social classification). It was the first sincere effort to incorporate Inter-Faith dialogue in the world. The World Parliament of Religions started this in Chicago in 1893. Guru Sahib wanted people to get together and remove their doubts and differences.

ਹੋਇ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਰਾਗ ਬਸੰਤ, 1185 ॥

# ਜੂਨ ਚੁਰਾਸੀ

ਡਾ. ਸਰਦਾਰ ਗੁਰਭਜਨ ਸਿੰਘ ਗਿੱਲ, ਲੁਧਿਆਣਾ



ਕਿਹੋ ਜਿਹਾ ਦਿਨ ਚੜ੍ਹਿਆ ਮਾਂ, ਧੁੱਪਾਂ ਦਾ ਰੰਗ ਪੀਲਾ ਪੀਲਾ, ਨਾਗ ਜ਼ਹਿਰੀਲਾ ਲੜਿਆ ਮਾਂ ।

ਅਧਮੋਏ ਸਭ ਨਗਰ ਨਿਵਾਸੀ। ਭੋਗ ਰਹੇ ਨੇ ਜੂਨ ਚੁਰਾਸੀ।

ਸੜਦੀ ਪਈ ਰੋਟੀ ਇਕਵਾਸੀ। ਖ਼ੌਰੇ ਕਿੱਧਰ ਗਏ ਮਾਂਦਰੀ, ਕਿਸੇ ਨਾ ਮੰਤਰ ਪੜ੍ਹਿਆ ਮਾਂ।

ਪੌਣਾਂ ਦੇ ਵਿਚ ਜ਼ਹਿਰ ਪਸਰਿਆ। ਸਾਰੇ ਪਾਸੇ ਕਹਿਰ ਪਸਰਿਆ।

ਲੋਕੀਂ ਆਖਣ ਸ਼ਹਿਰ ਪਸਰਿਆ। ਸਾਰੇ ਰਾਹ ਸਿਵਿਆਂ ਨੂੰ ਜਾਂਦੇ, ਪੰਧ ਕਸੂਤਾ ਫੜਿਆ ਮਾਂ ।

ਛਾਵਾਂ ਵੇਖ ਵੈਰਾਗਣ ਹੋਈਆਂ। ਸਾਰੀਆਂ ਰਾਹਵਾਂ ਦਾਗਣ ਹੋਈਆਂ।

ਰਾਹਗੀਰਾਂ ਲਈ ਨਾਗਣ ਹੋਈਆਂ। ਕਾਲੇ ਅੰਬਰੀਂ ਕਾਲ ਕਲੂਟਾ, ਕਾਲਾ ਸੂਰਜ ਚੜ੍ਹਿਆ ਮਾਂ।

ਜੇਠ ਹਾੜ੍ਹ ਦੀਆਂ ਧੁੱਪਾਂ ਸਾੜਨ।ਤੇਜ਼ ਹਵਾਵਾਂ ਪੱਤੇ ਝਾੜਨ। ਬਾਗ਼ ਨੂੰ ਮਾਲੀ ਆਪ ਉਜਾੜਣ।

ਬਾਗਬਾਨ ਨੂੰ ਵੇਖੋ ਕੈਸਾ, ਸ਼ੌਂਕ ਅਵੱਲਾ ਚੜ੍ਹਿਆ ਮਾਂ।

ਅਗਨ-ਪਰਿੰਦੇ ਬਹਿਣ ਬਨੇਰੇ। ਹਥਿਆਰਾਂ ਨੇ ਸਭ ਰਾਹ ਘੇਰੇ।

ਵਧਦੇ ਜਾਂਦੇ ਘੋਰ ਹਨੇਰੇ। ਚਾਨਣ ਦੇ ਰਖਵਾਲਿਆਂ ਵੇਖੀਂ, ਕੰਮ ਕਸੂਤਾ ਫੜਿਆ ਮਾਂ ।

ਤਪਦੀ ਧਰਤੀ ਗਰਮ ਹਵਾਵਾਂ। ਦੱਸੋ ਕਿੱਥੇ ਪੈਰ ਟਿਕਾਵਾਂ। ਬਲਦੇ ਸਿਵੇ ਜਿਹਾ ਪਰਛਾਵਾਂ।

ਬਾਗਾਂ ਵਿਚ ਕੋਇਲ ਕਿੰਝ ਗਾਵੇ, ਬੂਰ ਅੰਬਾਂ ਦਾ ਝੜਿਆ ਮਾਂ ।

ਚੌਂਕ ਚੁਰਸਤੇ ਵਿਚ ਰੱਤ ਡੁੱਲ੍ਹੇ। ਯਾਰ ਸੁਨੇਹੀ ਸਭ ਰਾਹ ਭੁੱਲੇ।

ਉੱਗ ਪਿਆ ਘਾਹ ਚੌਂਕੇ ਚੁੱਲ੍ਹੇ। ਤਾਣੀ ਹੜ੍ਹ ਦਾ ਪਾਣੀ, ਜਾਪੇ ਜੀਕੂੰ ਚੜ੍ਹਿਆ ਮਾਂ।

ਟੋਏ ਟਿੱਬੇ ਰਾਤ ਹਨੇਰਾ। ਆਓ ਤੁਰੀਏ ਕਰਕੇ ਜੇਰਾ।

ਲੱਭੀਏ ਗੁੰਮਿਆ ਸੁਰਖ ਸਵੇਰਾ,

ਸਾਡਾ ਸੂਰਜ ਨੇਰ੍ਹ ਕੋਠੜੀ, ਅੰਦਰ ਕਿੱਥੇ ਵੜਿਆ ਮਾਂ।

ਸ਼ਹੀਦੀ ਪੁਰਬ ਤੇ ਵਿਸ਼ੇਸ਼

## ਅਰਸ਼ੀ ਨੂਰ (ਗੀਤ)

ਸ਼ਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)
ਸੰਪਰਕ : +1 403 404 1450



ਤੱਤੀ ਤਵੀ ਉੱਤੇ ਬੈਠਾ, ਅਰਸ਼ਾਂ ਦਾ ਨੂਰ ਏ।
ਹੱਥ ਵਿੱਚ ਮਾਲਾ ਚਿਹਰੇ, ਵੱਖਰਾ ਸਰੂਰ ਏ।

ਸ਼ਾਂਤੀ ਦਾ ਪੁੰਜ ਇਹ ਫਕੀਰ ਕੋਈ ਜਾਪਦਾ।
ਸੁਖਮਨੀ ਪਾਠ ਏਹਦੇ ਹੋਠਾਂ ਤੇ ਅਲਾਪਦਾ।
ਏਹਦੇ ਕੋਲੋਂ ਹੋਇਆ ਦੱਸੋ ਕਿਹੜਾ ਜੁ ਕਸੂਰ ਏ ? ਤੱਤੀ ...

"ਦਿੱਲੀ ਤੇ ਲਹੌਰ ਦੀ ਮੈਂ, ਇੱਟ ਖੜਕਾ ਦਿਆਂ
ਕਹੋ ਤਾਂ ਮੈਂ ਜ਼ਾਲਿਮ ਨੂੰ ਸਬਕ ਸਿਖਾ ਦਿਆਂ"
ਮੀਆਂ ਮੀਰ ਗੁੱਸੇ ਵਿੱਚ ਹੋਇਆ ਮਜਬੂਰ ਏ।
ਤੱਤੀ ...

ਸਬਰ ਨੇ ਜਬਰ ਤੋਂ, ਮੰਨਣੀ ਨਾ ਹਾਰ ਏ।
ਦੇਗ ਵੀ ਉਬਾਲਣੇ ਲਈ ਹੋ ਰਹੀ ਤਿਆਰ ਏ।
ਰਜ਼ਾ ਵਿੱਚ ਰਹਿਣਾ ਇਹਦਾ ਇਹੋ ਦਸਤੂਰ ਏ
ਤੱਤੀ ...

ਨਾਮ ਦਾ ਜਹਾਜ਼ ਇਸ, ਰਚਿਆ ਕਮਾਲ ਏ।
ਦੁਨੀਆਂ ਦੇ ਵਿੱਚ ਐਸੀ ਕੋਈ ਨਾ ਮਿਸਾਲ ਏ।
ਚੰਦੂ ਕਿਹੜੇ ਨਸ਼ੇ ਵਿੱਚ ਹੋਇਆ ਮਗਰੂਰ ਏ?
ਤੱਤੀ ...

ਛਾਲੇ ਛਾਲੇ ਹੋਇਆ ਭਾਵੇਂ ਸਾਰਾ ਈ ਸਰੀਰ ਏ। ਚਿਹਰੇ ਉੱਤੇ ਰੰਜ ਦੀ ਨਾ ਰਤਾ ਵੀ ਲਕੀਰ ਏ।
ਨਾਮ ਦੀ ਖੁਮਾਰੀ ਨਾਲ, ਮਨ ਭਰਪੂਰ ਏ।
ਤੱਤੀ ...

ਜ਼ੁਲਮ ਮਿਟਾਉਣ ਵਾਲਾ ਰਾਜ ਹੁਣ ਆਏਗਾ।
ਧਰਮ ਦੇ ਨਾਲ ਰਾਜਨੀਤੀ ਵੀ ਚਲਾਏਗਾ।
ਜ਼ਾਲਿਮ ਨੂੰ 'ਦੀਸ਼' ਸਜ਼ਾ ਮਿਲਣੀ ਜਰੂਰ ਏ।
ਤੱਤੀ ...

# ਅਨੰਦ ਸਾਹਿਬ

ਡਾ. ਸਰਦਾਰ ਗੁਰਸ਼ਰਨ ਸਿੰਘ ਸੋਹਲ, ਅਮ੍ਰਿਤਸਰ



ਸਭ ਤੋਂ ਵੱਧ ਗਾਈ ਤੇ ਪੜ੍ਹੀ ਜਾਣ ਵਾਲੀ ਬਾਣੀ "ਅਨੰਦ ਸਾਹਿਬ" ਦੇ ਰਚਨਾਕਾਰ ਗੁਰੂ:

*ਅਕਬਰ ਬਾਦਸ਼ਾਹ ਨੂੰ ਹਾਥੀ ਤੋਂ ਉੱਤਰ ਕੇ ਪੰਗਤ 'ਚ ਬੈਠ ਕੇ ਲੰਗਰ ਛਕਣ ਲਈ ਕਹਿਣ ਵਾਲੇ ਗੁਰੂ:

*ਸਤੀ ਪ੍ਰਥਾ, ਪਰਦਾ ਅਤੇ ਘੁੰਡ ਨਾਰੀ ਵਿਰੋਧੀ ਰਸਮਾਂ ਵਿਰੁੱਧ ਕਾਨੂੰਨ ਬਣਾਉਣ ਲਈ ਅਕਬਰ ਨੂੰ ਕਹਿਣ ਵਾਲੇ ਗੁਰੂ:

*ਪਾਣੀ ਸੰਬੰਧੀ ਦਿੱਕਤਾਂ ਦੂਰ ਕਰਨ ਲਈ ਬਾਉਲੀ ਤੇ ਖੂਹ ਖੁਦਵਾ ਕੇ ਮਨੁੱਖਤਾ ਦਾ ਭਲਾ ਕਰਨ ਵਾਲੇ ਗੁਰੂ:

*ਸੇਵਾ, ਸਾਧਨਾ, ਨਿਮਰਤਾ ਤੇ ਅਨੰਦ-ਗਿਆਨ ਦੀ ਮੂਰਤ ਤੀਜੇ ਪਾਤਸ਼ਾਹ, ਸਨ ਗੁਰੂ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ।

ਗਿਆਨ ਹਮੇਸ਼ਾਂ ਹੀ ਜਿੰਦਗੀ ਨੂੰ ਮਕਸਦ ਪ੍ਰਦਾਨ ਕਰਦਾ ਹੈ। ਜੇਕਰ ਗਿਆਨ ਅਜਿਹਾ ਨਹੀਂ ਕਰਦਾ ਤਾਂ ਨਿਸ਼ਚੇ ਹੀ ਮਨੁੱਖ ਹੋਰ ਜਾਣਕਾਰੀ ਨੂੰ ਗਿਆਨ ਸਮਝ ਬੈਠਦਾ ਹੈ। ਸੰਨ 1541 ਈ: ਵਿਚ ਪਿੰਡ ਬਾਸਰਕੇ ਗਿੱਲਾਂ ਦੇ ਵਸਨੀਕ, ਤੇਜਭਾਨ ਜੀ ਦੇ ਸਪੁੱਤਰ, ਅਮਰਦਾਸ ਜੀ ਸੰਸਾਰ ਵਿੱਚ ਗਿਆਨ ਦਾ ਇੱਕ ਨਵਾਂ ਚਾਨਣ ਲੈ ਕੇ ਆਏ।

ਤੀਰਥ ਯਾਤਰਾ ਤੋਂ ਪਰਤੇ ਅਮਰਦਾਸ ਜੀ ਦਾ ਹਿਰਦਾ 'ਨਿਗੁਰੇ ਦਾ ਨਾਉਂ ਬੁਰਾ' ਹੋਣ ਦੀ ਪੀੜਾ ਵਿਚ ਸੀ। ਅਸਲ ਵਿੱਚ "ਨਿਗੁਰਾ" ਮਨੁੱਖ ਉਹ ਹੁੰਦਾ ਜਿਸਦਾ ਜੀਵਨ ਉਦੇਸ਼ਹੀਨ ਹੋਵੇ।

"ਗੁਰੂ" ਜੀਵਨ ਨੂੰ ਵਡੇਰੇ ਰਾਹਾਂ ਤੇ ਤੋਰਨ ਵਾਲੀ ਹਸਤੀ ਹੈ। ਉਦੋਂ ਤੱਕ ਅਮਰਦਾਸ ਜੀ ਦਾ ਕੋਈ ਗੁਰੂ ਨਹੀਂ ਸੀ।

ਤਦ ਅਚਾਨਕ ਕੰਨੀਂ ਕੁਝ ਮਿੱਠੇ ਬੋਲ ਪਏ।

ਭਇਆ ਮਨੂਰੁ ਕੰਚਨੁ ਫਿਰਿ ਹੋਵੈ
ਜੇ ਗੁਰੂ ਮਿਲੈ ਤਿਨੇਹਾ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ
ਤਉ ਨਾਨਕ ਤ੍ਰਿਸਟਸਿ ਦੇਹਾ॥

ਇਹ ਬੋਲ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਮਾਰੂ ਰਾਗ ਵਿੱਚ ਉਚਾਰੀ ਬਾਣੀ ਦੇ ਸਨ ਜਿਸ ਨੂੰ ਬੀਬੀ ਅਮਰੋ ਜੀ ਆਪਣੇ ਕੰਠ 'ਤੋਂ ਦੋਹਰਾ ਰਹੇ ਸਨ। ਜਿਸਦੇ ਅਰਥ ਸਨ ਕਿ ਸੜਿਆ ਹੋਇਆ ਲੋਹਾ ਵੀ ਸੋਨਾ ਬਣ ਜਾਂਦਾ ਜਦੋਂ ਪੂਰਾ ਗੁਰੂ ਆਪਣੀ ਆਗੋਸ਼ ਵਿੱਚ ਲੈ ਕੇ ਮਿਹਰ ਕਰੇ, ਤਾਂ ਹੀ ਸਾਰੀ ਪਿਆਸ ਬੁਝਦੀ ਹੈ।

ਬੀਬੀ ਅਮਰੋ ਜੀ, ਜੋ ਗੁਰੂ ਅੰਗਦ ਦੇਵ ਜੀ ਦੇ ਵੱਡੇ ਪੁੱਤਰੀ ਸਨ ਤੇ ਅਮਰਦਾਸ ਜੀ ਦੇ ਛੋਟੇ ਭਰਾ, ਭਾਈ ਮਾਣਕ ਚੰਦ ਦੇ ਪੁੱਤਰ ਨਾਲ ਵਿਆਹੇ ਹੋਏ ਸਨ। ਭਤੀਜ ਨੂੰਹ ਕੋਲੋਂ ਸੁਣੇ ਇਹਨਾਂ ਬੋਲਾਂ ਨੇ ਅਮਰਦਾਸ ਜੀ ਨੂੰ ਜੀਵਨ ਦਾ ਮਕਸਦ ਸੁਝਾਇਆ ਤੇ ਧਰਵਾਸ ਦਿੱਤਾ। ਐਸਾ ਟਿਕਾਅ ਆਇਆ ਜੋ ਤੀਰਥਾਂ ਤੇ ਭਟਕਣ ਨਾਲ ਵੀ ਨਹੀਂ ਸੀ ਮਿਲਿਆ। ਉਸ ਪਲ ਤੋਂ ਹੀ ਝੋਰਾ, ਪਛਤਾਵਾ ਸਭ ਲਹਿੰਦਾ ਜਾਪਿਆ ਅਤੇ ਚਾਲੇ ਪਾ ਦਿੱਤੇ ਖਡੂਰ ਦੇ ਰਾਹਾਂ ਵੱਲ। ਖਡੂਰ ਪਹੁੰਚੇ ਤਾਂ ਸੀਸ ਗੁਰੂ ਚਰਨਾਂ ਤੇ ਟਿਕਾ ਦਿੱਤਾ। ਗੁਰੂ ਅੰਗਦ ਦੇਵ ਜੀ ਤਖਤ ਤੇ ਬਿਰਾਜਮਾਨ ਸਨ, ਤੇ ਗੁਰੂ ਸਾਹਿਬ ਨਾਲ ਅਮਰਦਾਸ ਜੀ ਦਾ ਰਿਸ਼ਤਾ ਕੁੜਮਾਚਾਰੀ ਵਾਲਾ ਸੀ।

ਜਦੋਂ ਅਨੰਦ ਖੋਜਣ ਤੁਰੀਏ ਤਾਂ ਫਿਰ ਆਪਾ ਭੁਲਾ ਕੇ ਹੀ ਸਾਗਰ ਵਿੱਚ ਡੁਬਕੀ ਲੱਗਦੀ ਹੈ। ਦੁਨਿਆਵੀ ਰਿਸ਼ਤੇਦਾਰੀ ਦੀ ਲਾਜ ਪਰਾਂ ਵਗਾਹ ਮਾਰੀ। ਗੁਰੂ ਭਗਤੀ ਦੀ ਘਾਲ-ਕਮਾਈ ਸ਼ੁਰੂ ਕਰ ਦਿੱਤੀ ਤੇ ਗੁਰ ਸੇਵਾ ਨੂੰ ਆਪਣਾ ਨਿਤ ਨੇਮ ਬਣਾ ਲਿਆ।ਬਿਰਧ ਅਵਸਥਾ ਵਿਚ ਵੀ, ਰੋਜ਼ ਬਿਆਸ ਦਰਿਆ ਤੋਂ ਪਾਣੀ ਦੀ ਗਾਗਰ ਗੁਰੂ ਸਾਹਿਬ ਜੀ ਦੇ ਇਸ਼ਨਾਨ ਲਈ ਭਰ, ਸੀਸ ਉਪਰ ਟਿਕਾ ਕੇ ਲਿਆਉਣੀ। ਰੁੱਤਾਂ ਬੀਤੀਆਂ, ਸਿਆਲ ਆਏ, ਅਨੇਕਾਂ ਝੱਖੜ ਝੁੱਲੇ, ਸ਼ਰੀਕਾਂ ਦੀਆਂ ਬੇਰੁਖੀਆਂ ਨੂੰ ਵੀ ਸਹਿਣ ਕੀਤਾ, ਅਖੇ ਕੁੜਮਾਂਚਾਰੀ 'ਚ ਗਾਗਰਾਂ ਢੋਂਅਦਾ ਫਿਰਦਾ, 'ਅਮਰੂ ਨਿਥਾਵਾ' ਵੀ ਅਖਵਾਇਆ, ਪਰ ਨੇਮ ਨਹੀਂ ਹਾਰਿਆ। ਆਖ਼ਰ ਸੇਵਾ ਘਾਲਣਾ ਤੇ ਪ੍ਰੇਮਾ ਭਗਤੀ ਪ੍ਰਵਾਨ ਹੋਈ ਤੇ ਆਪ ਪਰਮ-ਅਨੰਦ ਨੂੰ ਪ੍ਰਾਪਤ ਹੋਏ।*ਤਾਂ ਹੀ ਤਾਂ ਟਿਕੇ ਹੋਏ ਹਿਰਦੇ 'ਚੋਂ ਪ੍ਰਗਟ ਹੋਈ ਸੀ - ਅਨੰਦ ਦੀ ਬਾਣੀ (ਅਨੰਦ ਸਾਹਿਬ)।

ਫਿਰ ਆਪ ਨਿਮਾਣਿਆਂ ਦੇ ਮਾਣ ਅਤੇ ਨਿਥਾਵਿਆਂ ਦੇ ਥਾਂ ਬਣੇ। ਜਦ ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਲਾਵੇ ਵਿੱਚ ਲਿਆ ਤਾਂ ਚੇਤ ਮਹੀਨੇ ਦੀ ਮਿੱਠੀ ਜਿਹੀ ਰੁੱਤ ਸੀ।

ਭੱਟ ਸਾਹਿਬਾਨਾਂ ਨੇ ਉਸਤਤਿ ਕੀਤੀ...

"ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ" (ਸਵੱਈਏ ਮਹਲੇ ਤੀਜੇ ਕੇ)

ਫਿਰ ਦੂਸਰੇ ਗੁਰੂ ਸਾਹਿਬ ਨੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਦੀ ਜਿੰਮਵਾਰੀ ਸੌਂਪ ਦਿੱਤੀ। ਗੁਰਿਆਈ ਦੀ ਜਿੰਮੇਵਾਰੀ ਸੰਭਾਲਦਿਆਂ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਖਡੂਰ ਸਾਹਿਬ ਆਪਣੇ ਵਾਸ ਦੌਰਾਨ ਗੋਇੰਦਵਾਲ ਨਗਰ ਵਸਾਇਆ। ਇਲਾਕੇ ਵਿੱਚ ਪਾਣੀ ਦੀ ਘਾਟ ਨੂੰ ਪੂਰਾ ਕਰਨ ਹਿੱਤ ਬਾਉਲੀ ਦਾ ਨਿਰਮਾਣ ਕਰਵਾਇਆ। ਲੰਗਰ ਸੇਵਾ ਨੂੰ ਪੰਗਤ ਦੀ ਰੂਪ ਰੇਖਾ ਦਿੱਤੀ। ਸਤੀ ਪ੍ਰਥਾ, ਪਰਦਾ /ਘੁੰਡ ਪ੍ਰਥਾ 'ਤੇ ਪਾਬੰਦੀ ਲਗਾ ਨਾਰੀ ਸਨਮਾਨ ਨੂੰ ਹੋਰ ਉਚੇਰਾ ਕੀਤਾ। ਧਰਮ ਪ੍ਰਸਾਰ ਹਿੱਤ 22 ਕੇਂਦਰ, ਮੰਜੀਆਂ ਸੰਸਥਾ ਦੇ ਰੂਪ ਵਿਚ ਅਤੇ 52 ਪੀਹੜੇ ਕਾਇਮ ਕੀਤੇ। 17 ਰਾਗਾਂ ਵਿਚ ਬਾਣੀ ਉਚਾਰਦਿਆਂ ਮਨੁੱਖਤਾ ਨੂੰ ਰੂਹਾਨੀਅਤ ਨਾਲ ਭਰਪੂਰ ਕੀਤਾ। ਤੀਸਰੇ ਗੁਰੂ ਸਾਹਿਬ ਨੇ ਪਹਿਲੇ ਅਤੇ ਦੂਸਰੇ ਗੁਰੂ ਸਾਹਿਬਾਨ ਦੀ ਬਾਣੀ ਇੱਕਤਰ ਕਰਦਿਆਂ, ਆਪਣੇ ਸਪੁੱਤਰ ਬਾਬਾ ਮੋਹਨ ਜੀ ਦੇ ਪੁੱਤਰ ਸਹੰਸਰਾਮ ਪਾਸੋਂ ਪੋਥੀਆਂ ਦੇ ਰੂਪ (ਗੋਇੰਦਵਾਲ ਦੀਆਂ ਪੋਥੀਆਂ) ਵਿਚ ਸੰਭਾਲੀ। ਅੱਜ ਵੀ ਜਦੋਂ ਲੋਕ ਗੁਰੂ ਸਾਹਿਬ ਜੀ ਦੀ ਬਾਣੀ ਨਾਲ ਜੁੜਦੇ ਹਨ ਤਾਂ ਅਰਸ਼ੀ-ਅਨੰਦ ਮਾਣਦੇ ਹਨ।

**Crisis of Leadership among Sikhs**

**Dr. S. Sukhmander Singh, Santa Clara University, California (USA)**

**Abstract:** It is presented that leadership in the form of an individual (single person) has damaged Sikh destiny over the years. The concept of **Collective Wisdom** is presented and is recommended as the way to advance the Panth.




When Guru Gobind Singh Sahib gave *Gur-Gaddi* to Shri Guru Granth Sahib; it meant that, henceforth, Sikhs would not look for a single person to guide them. Leadership in the form of an individual was completely dissolved. Collective Wisdom was demonstrated by assigning five Sikhs to Baba Banda Singh, asking him to consult them on all matters such as location of *Jathaas*, war and armaments, territorial and other strategic planning. Baba Banda Singh faithfully followed the dictum and was successful. But, when cunning Moghul rulers conspired to mark Banda Singh as an individual he fell in the trap, his tragic fall followed. The *Khalsa Raj* during Maharaja Ranjit Singh had its foundations on Collective Wisdom of Generals Hari Singh Nalwa, Akali Phoola Singh, and Sham Singh Attariwala. They were always consulted, and their advice followed.

Maharaja Ranjit Singh signed treaties as *Sarkare Khalsa*. But, under the tricky influence (wine, dine and sexual bribery) of Dogras, he stopped the use of collective wisdom and started signing as Ranjit Singh (Maharaja) on all decisions. He did not care to appoint any of his sons as heir after him. The rest is history as to how the tragic fall of his Kingdom occurred.

The leaders of Congress, Muslim League and Baldev Singh were called to London to participate in the conference on December 6, 1946, to seek cooperation from all parties in the Constituent Assembly. Baldev Singh disregarded the Akali Dal (his parent party) after he was appointed Defence Minister.

According to Dr. Kirpal Singh in his book "The Sikhs and Transfer of Power, 1942-47" (Punjabi University), Baldev Singh accepted the appointment without consulting the *Shiromani Akali Dal.* He never informed or discussed his visit to London with the Sikh leaders in Punjab, in total disregard of the concept of Collective Wisdom.

Dr. Kirpal Singh revealed in his book his discourse with Major Short (Accompanying the Cabinet Mission to Delhi in March 1946).

He states "Major Short told me that Baldev Singh was invited by some members of the British Parliament, to stay in England after the conference, to deliberate on the demands of the Sikhs. But he did not stay as Nehru persuaded him to accompany him back to India, where the (299-member) Constituent Assembly responsible for the framing of the Constitution of India, was to be inaugurated in December 1946." The author revealed that Sir Stafford Cripps proposed to Baldev Singh that the 'Sikhs should jointly present Sikh case along with the Sikh States in order to strengthen their demand for a Sikh State'. Baldev Singh responded that the Sikh State was going to be too small.

It seemed that Nehru had cautioned Baldev Singh against the Sikh State, since Baldev Singh's Steel business in other states, might not be accessible in the event of a Separate Sikh State. Baldev Singh sacrificed the interests of his community to protect his own. Nehru used him as a representative of the Sikhs, but Baldev Singh had distanced himself from his party and community leaders in Punjab.

*Ye jabar bhi dekha hai, Tarikh ki nazron ne, Lamhon ne khata ki thi, sadion ne saza payiee* (Muzaffar Razmi).

(History has witnessed brutality of Time, when moments erred, centuries suffered.)

Master Tara Singh and Baba Kharak Singh were the front runners of the 'Nationalists' movement for Independence of India. In 1930, Master Tara Singh supported the Congress in their Civil Disobedience Movement (Non-cooperation) for which he went to jail. While in jail, he was elected President of the Shiromani Gurdwara Prabandhak Committee (SGPC). Up to 1947 he played a dominant role in SGPC and the Shiromani Akali Dal. But he was no match for the shrewd and opportunistic minds of Nehru and Jinnah.

Akali Dal joined Congress and his efforts to keep India united failed. He was portrayed as against the interests of Muslims. The existing racial hatred, while negotiations for the partition of India were ongoing, was too painful for the highly dedicated Sikh representing the Sikh Panth.

A controversy has been going on with regards to the role of Master Tara Singh in brandishing sword to tear Pakistan flag while uttering slogan against Pakistan. However, in an article in 'The Sikh Review' (September 2023), Dr. Bhai Harbans Lal has demolished this and has stated that this is not true. While meeting Master Tara Singh at his residence in Amritsar, Singh responded negatively to it. Master ji "asked his brother to fetch the controversial Kirpan which Master Tara Singh ceremoniously presented to me".

Had there been the tradition of Collective Wisdom, we might not have fallen prey to the opportunistic leaders. Alas, partition has a gruesome history tainted with the blood of thousands of innocent lives. After partition, the Sikh Chief Minister, Partap Singh Kairon, the so-called 'statesman', was so power-starved that he could not see through the fine-print of Nehru's designs.

Nehru and his Congress both at the Centre and in Punjab started diverting Punjab's share of the natural resources like Sutlej water which was being taken away through the Bhakra Main Line ever since it was dug up in the 1950s and the electricity for Delhi and Chandigarh from Punjab's share. Kairon's own compromising political and administrative practices coupled with his son's behaviour as a super-brat brought him into disrepute. Nehru protected his corrupt practices and his family's wrong-doings and hushed up opponents in his own party in the Punjab Assembly.

He amassed lots of commercial property in almost every big city in Punjab through his son, in the form of Cinema Halls and cold stores. He almost legalized corruption as well as smuggling for his close associates. Precious Waters of Punjab were given away free by him to Rajasthan, acting in an individual capacity, to retain his political position. This deal is an often-talked issue each time distribution of Punjab waters comes up. If only he had consulted experts who could have alerted him to the long-term disastrous impact on shortage of water leading to Punjab becoming barren. One laments deeply when one sees the Rajasthan Canal tearing through the heart of Punjab but not a drop is available for Punjab.

Later, Sant Fateh Singh, bailing out of his Solomon oath, brought shame to the Sikhs. Subsequently, we witnessed the destruction of Sikh youth and Punjab by ego-driven and corrupt Sikh politicians, for the sake of their glory and greed. All Chief Ministers thereafter allowed Punjab to sink further. Individual glory over that of Collective Wisdom is common among Sikhs. Individuals try to minimize the impact of others, though equally qualified. As a result, formation of a focus group in any field has not emerged. Once decision-taking power is given to a political or religious Sikh Leader more harm than good results.

Looking for an individual to miraculously appear and lead us, is against what Guru Gobind Singh commanded us. "Collective Wisdom" is needed in the current political system which has miserably failed. Even an illiterate person can be an Education Minister. The politicians are mostly mercenaries, not experts in any field. This cannot provide any wisdom to our Panth that has to evolve socially, economically, religiously, industrially, politically, and culturally in the correct direction. We need the best of talent and leadership vision in these fields.

Suggestion

One approach is to set up "Advisory Cells" of experts in each field, to provide collective wisdom and guidance in that field. Our elected leaders would not agree to it. But, if the public is made aware of the misery and suffering brought upon the Panth for not following the Guru's concept of Collective Wisdom, it may, in due course, bring about a change.



## ਮੈਂ ਤਾਂ ਨਹੀਂ ਰਹਾਂਗਾ ਮੇਰੇ ਗੀਤ ਰਹਿਣਗੇ (ਡਾ. ਸੁਰਜੀਤ ਪਾਤਰ)

ਸਰਦਾਰ ਜਸਵਿੰਦਰ ਸਿੰਘ ਰੁਪਾਲ, ਕੈਲਗਰੀ (ਕੈਨੇਡਾ)

ਲੋਕਾਂ ਦੇ ਦਿਲਾਂ ਤੇ ਰਾਜ ਕਰਨ ਵਾਲੇ ਪਦਮ ਸ੍ਰੀ ਡਾ. ਸੁਰਜੀਤ ਪਾਤਰ 11 ਮਈ 2024 ਨੂੰ ਸਰੀਰਕ ਰੂਪ ਵਿੱਚ ਸਾਥੋਂ ਸਦਾ ਲਈ ਵਿਛੜ ਗਏ। ਸਾਹਿਤ ਦੀ ਦੁਨੀਆਂ ਵਿੱਚ ਤਾਂ ਹਲਚਲ ਮੱਚਣੀ ਹੀ ਸੀ, ਉਹ ਲੋਕ ਜੋ ਸਿੱਧੇ ਤੌਰ ਤੇ ਸਾਹਿਤ ਨਾਲ ਨਹੀਂ ਜੁੜੇ ਹੋਏ, ਉਨ੍ਹਾਂ ਨੂੰ ਵੀ ਵੱਡਾ ਦੁੱਖ ਹੋਇਆ। ਇਹੀ ਕਿਸੇ ਸ਼ਾਇਰ ਦੀ ਪ੍ਰਾਪਤੀ ਹੁੰਦੀ ਹੈ ਜਦੋ ਓਸ ਦੀ ਲਿਖਤ ਆਮ ਲੋਕਾਂ ਦੇ ਦਿਲ ਅੰਦਰ ਵੱਸ ਜਾਵੇ।

'ਪਾਤਰ ਸਾਹਿਬ' ਦਾ ਜਨਮ 14 ਜਨਵਰੀ 1945 ਨੂੰ ਪਿੰਡ ਪੱਤੜ (ਜਲੰਧਰ) ਦੇ ਵਸਨੀਕ ਸ੍. ਹਰਭਜਨ ਸਿੰਘ ਅਤੇ ਸਰਦਾਰਨੀ ਹਰਭਜਨ ਕੌਰ ਦੇ ਘਰ ਹੋਇਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ.ਏ. ਪੰਜਾਬੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪੀਐਚ. ਡੀ. ਕੀਤੀ। ਪਹਿਲਾਂ ਅੰਮ੍ਰਿਤਸਰ ਵਿਚ ਲੈਕਚਰਾਰ ਲੱਗੇ ਅਤੇ ਫਿਰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣੇ ਵਿਚ ਪ੍ਰੋਫੈਸਰ ਬਣੇ। ਆਪ ਜੀ ਦੇ ਗ੍ਰਹਿਸਥ ਬਾਗ਼ ਵਿਚ ਆਪ ਜੀ ਦੀ ਪਤਨੀ ਸਰਦਾਰਨੀ ਭੁਪਿੰਦਰ ਕੌਰ ਅਤੇ ਦੋ ਪੁੱਤਰ ਮਨਰਾਜ ਅਤੇ ਅੰਕੁਰ ਹਨ। ਆਪ ਨੇ 16-17 ਸਾਲ ਦੀ ਉਮਰ ਵਿਚ ਕਵਿਤਾ ਲਿਖਣੀ ਸ਼ੁਰੂ ਕੀਤੀ।ਆਪਣੇ ਉਸਤਾਦ ਸੁਰਜੀਤ ਸਿੰਘ ਸੇਠੀ ਦੇ ਕਹਿਣ ਤੇ ਪਿੰਡ ਦੇ ਨਾਮ ਤੇ 'ਪਾਤਰ' ਤਖੱਲਸ ਅਪਨਾਇਆ। 1979 ਵਿਚ ਆਪ ਦੀ ਪਹਿਲੀ ਪੁਸਤਕ (ਹਵਾ ਵਿੱਚ ਲਿਖੇ ਹਰਫ਼) ਬੜੀ ਮਕਬੂਲ ਹੋਈ। ਫਿਰ ਉਨ੍ਹਾਂ ਦੀ ਕਲਮ ਨੇ ਰੁਕਣ ਦਾ ਨਾਂ ਨਹੀਂ ਲਿਆ।



(ਜਸਵਿੰਦਰ ਰੁਪਾਲ ਅਤੇ ਸੁਰਜੀਤ ਪਾਤਰ)

ਇਸ ਤੋਂ ਬਾਅਦ ਹੋਰ ਕਵਿਤਾਵਾਂ ਅਤੇ ਗ਼ਜ਼ਲਾਂ ਦੀਆਂ ਪੁਸਤਕਾਂ (ਬਿਰਖ ਅਰਜ ਕਰੇ, ਹਨੇਰੇ ਵਿਚ ਸੁਲਘਦੀ ਵਰਣਮਾਲਾ, ਲਫ਼ਜ਼ਾਂ ਦੀ ਦਰਗਾਹ, ਪੱਤਝੜ ਦੀ ਪੰਜੇਬ, ਸੁਰ-ਜਮੀਨ ਅਤੇ ਚੰਨ ਸੂਰਜ ਦੀ ਵਹਿੰਗੀ) ਛਪੀਆਂ, ਜੋ ਬਹੁਤ ਪ੍ਰਸਿੱਧ ਹੋਈਆਂ। ਵਾਰਤਕ ਵੀ ਲਿਖੀ (ਸੂਰਜ ਮੰਦਰ ਦੀਆਂ ਪੌੜੀਆਂ ਅਤੇ ਇਹ ਬਾਤ ਨਿਰੀ ਏਨੀ ਹੀ ਨਹੀਂ)। ਲੋਰਕਾ, ਬ੍ਰੇਚਿਟ ਅਤੇ ਪਾਬਲੋ ਨਰੂਦਾ ਅਤੇ ਸ਼ਹਰਯਾਰ ਦੀਆਂ ਰਚਨਾਵਾਂ ਦਾ ਪੰਜਾਬੀ ਅਨੁਵਾਦ ਵੀ ਕੀਤਾ।

ਆਪ ਨੂੰ ਪੰਜਾਬੀ ਸਾਹਿਤ ਅਕਾਦਮੀ (1979), ਅਤੇ ਸਾਹਿਤ ਅਕਾਦਮੀ ਅਵਾਰਡ (1993) ਮਿਲੇ। ਫਿਰ ਭਾਰਤੀ ਭਾਸ਼ਾ ਪ੍ਰੀਸ਼ਦ ਵਲੋਂ ਪੰਚਨਦ (1999), ਆਨੰਦ ਕਾਵਿ ਪੁਰਸਕਾਰ (2007-08), ਸਰਸਵਤੀ ਸਨਮਾਨ (2009), ਪਦਮ ਸ੍ਰੀ ਐਵਾਰਡ (2012), ਅਤੇ ਕੁਸਮਗਰਾਜ ਲਿਟਰੇਰੀ ਐਵਾਰਡ (2014) ਮਿਲੇ।

ਆਪ ਪੰਜਾਬ ਆਰਟਸ ਕੌਂਸਲ ਚੰਡੀਗੜ੍ਹ ਅਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਰਹੇ। ਬਹੁਤ ਸਾਰੀਆਂ ਸਾਹਿਤਿਕ ਗਤੀਵਿਧੀਆਂ ਆਪਣੀ ਨਿਗਰਾਨੀ ਹੇਠ ਕਰਵਾਉਂਦੇ ਰਹੇ। ਆਪ ਦੀ ਕਲਮ ਵਿਚੋਂ ਨਿਕਲੇ ਸ਼ਬਦ ਸਿੱਧੇ ਰੂਹ ਵਿਚ ਉਤਰਦੇ ਹਨ। ਗੱਲ ਕਹਿਣ ਦਾ ਅੰਦਾਜ਼ ਨਿਰਾਲਾ ਸੀ। ਬਿੰਬ ਪ੍ਰਤੀਕ ਅਲੰਕਾਰ ਕਾਵਿ ਰਚਨਾ ਦੇ ਗਹਿਣੇ ਹੁੰਦੇ ਹਨ, ਪਰ ਪਾਤਰ ਸਾਹਿਬ ਦੇ ਸ਼ਬਦਾਂ ਦੀ ਜੜਤ ਅਤੇ ਅਲੰਕਾਰ ਲੋਕ ਸਮਝ ਵੀ ਸਨ ਅਤੇ ਵਰਤਦੇ ਵੀ ਰਹਿੰਦੇ ਸਨ। ਕੁਝ ਮਸ਼ਹੂਰ ਗ਼ਜ਼ਲਾਂ ਦੇ ਬੋਲ ਹਨ:

ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ,
ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ।
ਗੀਤ ਦੀ ਮੌਤ ਇਸ ਰਾਤ ਜੇ ਹੋ ਗਈ,
ਮੇਰਾ ਜੀਣਾ ਮੇਰੇ ਯਾਰ ਕਿੰਝ ਸਹਿਣਗੇ।

ਇਨਸਾਫ਼ ਦੀ ਲੰਮੀ ਉਡੀਕ ਨੂੰ ਚਿਤਰਿਆ ਹੈ-

ਇਸ ਅਦਾਲਤ ਚ ਬੰਦੇ ਬਿਰਖ ਹੋ ਗਏ,
ਫੈਸਲੇ ਸੁਣਦਿਆਂ ਸੁਣਦਿਆਂ ਸੁੱਕ ਗਏ।
ਆਖੋ ਇਨ੍ਹਾਂ ਨੂੰ ਉੱਜੜੇ ਘਰੀਂ ਜਾਣ ਹੁਣ,
ਇਹ ਕਦੋਂ ਤੀਕ ਇਥੇ ਖੜੇ ਰਹਿਣਗੇ।

ਕਿਰਤੀ ਨੂੰ ਵਡਿਆਈ ਦਿੰਦੀ ਹੋਈ ਕਲਮ ਆਪਣੇ ਸਮੇਂ ਢਾਂਚੇ ਤੇ ਵਿਅੰਗ ਕਸਦੀ ਹੈ। ਕਵਿਤਾ ਉਨ੍ਹਾਂ ਦੀ ਸੰਵੇਦਨਾ ਨੂੰ ਪ੍ਰਗਟਾਉਂਦੀ ਹੈ। ਪੰਜਾਬ ਦੇ ਸੰਤਾਪ ਦੇਖ ਉਹ ਲਿਖਦੇ ਹਨ-

ਲੱਗੀ ਨਜ਼ਰ ਪੰਜਾਬ ਨੂੰ ਇਹਦੀ ਨਜਰ ਉਤਾਰੋ,
ਲੈ ਕੇ ਮਿਰਚਾਂ ਕੌੜੀਆਂ ਇਹਦੇ ਸਿਰ ਤੋਂ ਵਾਰੋ।

ਧਾਰਮਿਕ ਕਰਮਕਾਂਡ ਕਵੀ ਨੂੰ ਦੁਖੀ ਕਰਦੇ ਹਨ, ਰੂਹ ਕਲਪਦੀ ਹੈ ਕਿ ਲੋਕ ਧਰਮ ਦੇ ਅਸਲੀ ਅਰਥ ਭੁੱਲ ਕੇ ਕੁਝ ਪਾਖੰਡਾਂ ਅਤੇ ਰੀਤੀ ਰਿਵਾਜਾਂ ਵਿੱਚ ਫਸੇ ਹੋਏ ਹਨ।

ਐਵੇਂ ਨਾ ਪਥਰਾਂ ਤੇ ਡੋਲੀ ਜਾ ਪਾਣੀ,
ਜਾ ਕਿਧਰੇ ਰੁੱਖਾਂ ਤੇ ਇਹ ਬਰਸਾ ਪਾਣੀ।
ਝੀਲ ਵਿਚ ਸੁੱਟੀ ਤਾਂ ਪਲ ਵਿਚ ਡੁੱਬ ਗਈ
ਭਾਰੀ ਕਿਤਾਬ, ਉਹ ਕਿ ਜਿਸ ਵਿਚ ਦਰਜ
ਭਵਜਲ ਤਰਨ ਦੇ ਸਾਰੇ ਹਿਸਾਬ।

ਪਾਤਰ ਜੀ ਦੀ ਕਵਿਤਾ ਆਪਣੇ ਪ੍ਰਤੀਕ ਚੌਗਿਰਦੇ ਦੇ ਵਾਤਾਵਰਣ ਵਿਚੋਂ ਲਭਦੀ ਹੈ। ਕੁਦਰਤ ਨੂੰ ਨੇੜਿਓਂ ਦੇਖਣਾ, ਸਮਝਣਾ ਅਤੇ ਕੁਦਰਤੀ ਵਰਤਾਰਿਆਂ ਨੂੰ ਆਪਣੇ ਸ਼ਬਦਾਂ ਦਾ ਜਾਮਾ ਪਹਿਨਾਉਣਾ ਹਰੇਕ ਦੇ ਵਸ ਦੀ ਗੱਲ ਨਹੀਂ। ਕੁਦਰਤ ਬਾਰੇ ਸ਼ਬਦ ਮੱਲੋਮੱਲੀ ਉਨ੍ਹਾਂ ਦੀ ਕਲਮ ਤੇ ਆ ਬੈਠਦੇ ਹਨ। ਰੋਮਾਂਟਿਕ ਗੱਲ ਲਿਖਦੇ ਹੋਏ ਵੀ ਕੁਝ ਹੋਰ ਵੀ ਕਹਿ ਜਾਣਾ, ਉਨ੍ਹਾਂ ਦੀ ਵਖਰੀ ਖ਼ੂਬੀ ਸੀ।

ਕੋਈ ਡਾਲੀਆਂ ਚੋਂ ਲੰਘਿਆ ਹਵਾ ਬਣ ਕੇ,
ਅਸੀਂ ਰਹਿ ਗਏ ਬਿਰਖ ਵਾਲੀ ਛਾਂ ਬਣ ਕੇ।
ਸੁੰਨੇ ਸੁੰਨੇ ਰਾਹਾਂ ਵਿਚ ਕੋਈ ਕੋਈ ਪੈੜ ਏ,
ਦਿਲ ਹੀ ਉਦਾਸ ਏ ਤੇ ਬਾਕੀ ਸਭ ਖੈਰ ਏ।

ਜਦੋਂ 1984 ਵਿਚ ਸਿੱਖ ਕਤਲੇਆਮ ਹੋਇਆ ਤਾਂ ਇਸ ਰਾਜਨੀਤਿਕ ਜ਼ੁਲਮ ਨੂੰ ਕਾਵਿਕ ਅੰਦਾਜ਼ ਵਿਚ ਕਵੀ ਇੰਝ ਬਿਆਨਦਾ ਹੈ -

ਡੂੰਘੇ ਵੈਣਾਂ ਦਾ ਕੀ ਮਿਣਨਾ ਤਖਤਾਂ ਦੇ ਪਾਵੇ
ਮਿਣੀਏ, ਜਦੋਂ ਤੱਕ ਉਹ ਲਾਸ਼ਾਂ ਗਿਣਦੇ ਨੇ,
ਆਪਾਂ ਵੋਟਾਂ ਗਿਣੀਏ।

ਚੋਣ ਨਿਸ਼ਾਨ ਸਿਵਾ ਹੈ ਸਾਡਾ ਇਸ ਨੂੰ ਬੁੱਝਣ
ਨਾ ਦੇਈਏ, ਚੁੱਲਿਆਂ ਚੋ ਕੱਢ ਕੇ ਲੱਕੜਾਂ
ਇਸ ਦੇ ਉੱਤੇ ਦੇਈਏ ।

ਗੁਰਮਤਿ ਸਿਧਾਂਤਾਂ ਦੀ ਮਹਾਨਤਾ ਅਤੇ ਇਤਿਹਾਸ ਚੋ ਪ੍ਰੇਰਨਾ ਲੈਣ ਲਈ ਉਨ੍ਹਾਂ ਦੀ ਕਲਮ ਨੇ ਬੜੇ ਸੋਹਣੇ ਪ੍ਰਤੀਕ ਸਿਰਜੇ ਹਨ। ਉਨ੍ਹਾਂ ਦੀ ਪੀਐਚ. ਡੀ. ਦਾ ਵਿਸ਼ਾ ਵੀ 'ਗੁਰੂ ਨਾਨਕ ਬਾਣੀ ਦਾ ਲੋਕਧਾਰਾਈ ਅਧਿਐਨ' ਹੀ ਸੀ।

ਰੇਤ ਤੇ ਬਾਬਰ ਦਾ ਸੀ, ਰੂਹਾਂ ਤੇ ਉਸਦਾ ਰਾਜ
ਸੀ, ਉਹ ਜੋ ਅਕਸਰ ਆਖਦਾ ਸੀ ਛੇੜ
ਮਰਦਾਨੇ ਰਬਾਬ।
ਜੋ ਲੋਅ ਮੱਥੇ ਚੋ ਉੱਗਦੀ ਹੈ ਓਹ ਅਸਲੀ ਤਾਜ
ਹੁੰਦੀ ਹੈ, ਤਵੀ ਦੇ ਤਖ਼ਤ ਤੇ ਬਹਿ ਕੇ ਨੇ ਸੱਚੇ
ਪਾਤਸ਼ਾਹ ਬਣਦੇ।

ਸਿੱਖ ਲੀਡਰਾਂ ਨੂੰ ਕੁਰਸੀ ਮੋਹ ਵਿਚ ਫਸਿਆ ਦੇਖ ਕੇ ਕਵੀ ਤੜਪਦਾ ਹੈ ਕਿ ਸ਼ਹੀਦਾਂ ਅਤੇ ਕੁਰਬਾਨੀਆਂ ਦੇ ਵਾਰਸ ਕਿਧਰ ਤੁਰ ਪਏ ਹਨ।

ਮੈ ਕੁਰਸੀ ਵਿਚ ਚਿਣ ਹੋਇਆ ਹਾਂ,
ਤੇ ਕੁਰਸੀ ਵਿਚ ਚਿਣੇ ਪੁੱਤਰਾਂ ਨੂੰ ਕੌਣ
ਸਾਹਿਬਜਾਦੇ ਆਖੇਗਾ ?

ਪਾਤਰ ਜੀ ਸ਼ਬਦਾਂ ਦੇ ਵਣਜਾਰੇ ਸਨ। ਉਹਨਾਂ ਦੀਆਂ ਕਵਿਤਾਵਾਂ ਅਤੇ ਗ਼ਜ਼ਲਾਂ ਦੇ ਸ਼ਬਦ ਬੜਾ ਪ੍ਰਭਾਵ ਪਾਉਂਦੇ ਹਨ। ਪਰ ਉਨ੍ਹਾਂ ਨੂੰ ਲੱਗਦਾ ਸੀ ਕਿ ਅਜੇ ਬਹੁਤ ਕੁਝ ਕਹਿਣ ਵਾਲਾ ਹੈ, ਜੋ ਕਹਿ ਨਹੀਂ ਹੋਇਆ। ਸਨਮਾਨ ਅਤੇ ਅਹੁਦੇ ਪ੍ਰਾਪਤ ਕਰਨ ਉਪਰੰਤ ਹੋ ਸਕਦਾ ਏ, ਉਨ੍ਹਾਂ ਦੀ ਕਲਮ ਨੇ ਦਬਾਅ ਵੀ ਮਹਿਸੂਸ ਕੀਤਾ ਹੋਵੇ।

ਅੰਦਰਲੀ ਅੱਗ ਉਨ੍ਹਾਂ ਦੇ ਸ਼ਬਦਾਂ ਰਾਹੀਂ ਬਾਹਰ ਆਉਂਦੀ ਹੀ ਰਹੀ, ਪਰ ਉਨ੍ਹਾਂ ਨੂੰ ਆਪਣੇ ਸ਼ਬਦਾਂ ਦੀ ਜ਼ਿੰਮੇਵਾਰੀ ਦਾ ਪੂਰਾ ਅਹਿਸਾਸ ਸੀ। ਜਿੱਥੇ ਬਹੁ ਗਿਣਤੀ ਲੇਖਕ ਉਨ੍ਹਾਂ ਦੀ ਕਲਮ ਦਾ ਲੋਹਾ ਮੰਨਦੇ ਨੇ, ਉੱਥੇ ਕੁਝ ਨੇ ਹੋਰ ਵਧ ਦੀ ਉਮੀਦ ਕਰਦੇ ਹੋਏ ਉਨ੍ਹਾਂ ਦੀ ਆਲੋਚਨਾ ਵੀ ਕੀਤੀ ਹੈ। ਆਉਣ ਵਾਲਾ ਸਮਾ ਅਤੇ ਇਤਿਹਾਸ ਹੀ ਕਿਸੇ ਵਿਅਕਤੀ ਦੀ ਲਿਖਤ ਜਾਂ ਸ਼ਾਇਰ ਦੀਆਂ ਰਚਨਾਵਾਂ ਦੀ ਪਰਖ ਕਰਦਾ ਹੈ। ਪ੍ਰਗਤੀਵਾਦੀ ਵਿਚਾਰਧਾਰਾ ਦੇ ਹੋਣ ਦੇ ਬਾਵਜੂਦ ਸੁਰਜੀਤ ਪਾਤਰ ਵਿੱਚ ਆਸ਼ਾਵਾਦ ਸੀ।

ਮੈ ਰਾਹਾਂ ਤੇ ਨਹੀਂ ਤੁਰਦਾ, ਮੈਂ ਇੱਕ ਦਿਨ ਫੇਰ
ਆਉਣਾ ਏ, ਆਓ ਜਗਾਓ ਮੋਮਬੱਤੀਆਂ।

ਉਹ ਸੁਨਹਿਰੇ ਭਵਿੱਖ ਦਾ ਸੁਪਨਾ ਲੈਂਦੇ ਸਨ।

ਜਦੋਂ ਤੱਕ ਲਫਜ਼ ਜਿਉਂਦੇ ਨੇ ਸੁਖਨਵਰ ਜਿਓਣ
ਮਰ ਕੇ ਵੀ।
ਉਹ ਕੇਵਲ ਜਿਸਮ ਹੁੰਦੇ ਨੇ ਜੋ ਸਿਵਿਆਂ ਵਿੱਚ
ਸੁਆਹ ਬਣਦੇ।...

ਮੈ ਤਾਂ ਨਹੀਂ ਰਹਾਂਗਾ ਮੇਰੇ ਗੀਤ ਰਹਿਣਗੇ,
ਪਾਣੀ ਨੇ ਮੇਰੇ ਗੀਤ ਮੈ ਪਾਣੀ ਤੇ ਲੀਕ ਹਾਂ।

ਅਸੀਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਆਸ ਕਰਦੇ ਹਾਂ ਕਿ ਉਨ੍ਹਾਂ ਦੇ ਗੀਤ ਪੜ੍ਹਨ ਵਾਲੇ ਆਪਣੇ ਰਾਹ ਆਪ ਬਣਾਉਣਾ ਸਿੱਖ ਜਾਣਗੇ।

# ਮੁਰਸ਼ਦਨਾਮਾ (ਡਾ. ਸੁਰਜੀਤ ਪਾਤਰ ਨੂੰ ਸਮਰਪਿਤ)

ਸਰਦਾਰਨੀ ਸੁਖਵਿੰਦਰ ਅੰਮ੍ਰਿਤ ਕੌਰ
ਲੁਧਿਆਣਾ (ਭਾਰਤ)



ਮੁਹੱਬਤ ਵੇਦਨਾ ਨੇਕੀ ਹਲੀਮੀ ਤੇ ਵਫ਼ਾ ਪਾਤਰ
ਮਿਲਾ ਕੇ ਪੰਜ ਤੱਤ ਇਕ ਸਾਰ ਰੱਬ ਨੇ ਸਿਰਜਿਆ ਪਾਤਰ

ਸਮੇਂ ਦੇ ਗੰਧਲੇ ਪਾਣੀ 'ਤੇ ਉਹ ਤਰਿਆ ਫੁੱਲ ਦੇ ਵਾਂਗੂੰ
ਸਮੇਂ ਦੇ ਸ਼ੋਰ 'ਚੋਂ ਇਕ ਤਰਜ਼ ਬਣ ਕੇ ਉਭਰਿਆ ਪਾਤਰ

ਟਿਕੇ ਹੋਏ ਪਾਣੀਆਂ ਵਰਗਾ ਰਹੱਸਪੂਰਨ ਅਤੇ ਗਹਿਰਾ
ਹੈ ਚਿੰਤਨ ਦਾ ਸਮੁੰਦਰ ਤੇ ਤਰੱਨਮ ਦੀ ਹਵਾ ਪਾਤਰ

ਕਿਸੇ ਲਈ ਪੁਲ ਕਿਸੇ ਲਈ ਛਾਂ ਕਿਸੇ ਲਈ ਨੀਰ ਬਣ ਜਾਵੇ
ਕਿਸੇ ਦਾ ਰਹਿਨੁਮਾ ਬਣਿਆਂ ਕਿਸੇ ਦੀ ਆਸਥਾ ਪਾਤਰ

ਉਹ ਕੋਮਲ-ਮਨ ਹੈ ਤਾਂ ਹੀ ਹਰ ਕਿਸੇ ਨੂੰ ਆਪਣਾ ਲੱਗੇ
ਉਹ ਰੌਸ਼ਨ-ਰੂਹ ਹੈ ਤਾਂ ਹੀ ਨ੍ਹੇਰਿਆਂ ਵਿਚ ਜਗ ਰਿਹਾ ਪਾਤਰ

ਉਹਦੇ ਲਫ਼ਜ਼ਾਂ 'ਚ ਉਹ ਲੱਜ਼ਤ ਉਹਦੇ ਬੋਲਾਂ ਦਾ ਉਹ ਲਹਿਜਾ
ਹਵਾ ਸਾਹ ਰੋਕ ਕੇ ਸੁਣਦੀ ਜਦੋਂ ਕੁਝ ਆਖਦਾ ਪਾਤਰ

ਖਿੜੇ ਗੁੰਚੇ ਜਗੇ ਦੀਵੇ ਤਰੰਗਿਤ ਹੋ ਗਏ ਪਾਣੀ
ਇਹ ਅਨਹਦ ਨਾਦ ਵਜਦਾ ਹੈ ਜਾਂ ਕਿਧਰੇ ਗਾ ਰਿਹਾ ਪਾਤਰ

ਉਹਦਾ ਬਿਰਖਾਂ ਨੂੰ ਸਿਜਦਾ ਹੈ ਉਹ ਸਾਜ਼ਾਂ ਦਾ ਹੈ ਸ਼ੈਦਾਈ
ਕਿਸੇ ਕੁਰਸੀ ਦੇ ਮੂਹਰੇ ਵੇਖਿਆ ਨਾ ਝੁਕ ਰਿਹਾ ਪਾਤਰ

ਕਦੇ ਵਿਹੜੇ ਦਾ ਬੂਟਾ ਹੈ ਗਯਾ ਦਾ ਰੁੱਖ ਕਦੇ ਜਾਪੇ

ਸ਼ਨਾਖ਼ਤ ਹੈ ਉਹ ਸਹਿਰਾ ਦੀ ਤੇ ਪਾਣੀ ਦਾ ਪਤਾ ਪਾਤਰ

ਕਿਸੇ ਜੋਗੀ ਦੀ ਧੂਣੀ ਹੈ ਕਿਸੇ ਕੁਟੀਆ ਦਾ ਦੀਵਾ ਹੈ
ਕਿਸੇ ਰਾਂਝੇ ਦੀ ਵੰਝਲੀ ਹੈ ਤੇ ਹਉਕੇ ਦੀ ਕਥਾ ਪਾਤਰ

ਕਦੇ ਉਹ ਤਪ ਰਹੇ ਸਹਿਰਾ 'ਤੇ ਕਣੀਆਂ ਦੀ ਇਬਾਰਤ ਹੈ
ਕਦੇ ਧੁਖਦੇ ਹੋਏ ਜੰਗਲ ਦਾ ਲੱਗੇ ਤਰਜੁਮਾ ਪਾਤਰ

ਕਹੇ ਹਰ ਰੁੱਖ : ਮੇਰੇ ਦੁੱਖ ਦਾ ਨਗ਼ਮਾ ਬਣਾ ਪਿਆਰੇ
ਕਹੇ ਹਰ ਵੇਲ : ਮੈਨੂੰ ਆਪਣੇ ਗਲ਼ ਨਾਲ ਲਾ ਪਾਤਰ

ਪੜ੍ਹੇ ਜੋ ਵੀ ਇਹੀ ਆਖੇ : ਇਹ ਮੇਰੇ ਦੁੱਖ ਦਾ ਚਿਹਰਾ ਹੈ

ਡੁਬੋ ਕੇ ਖ਼ੂਨ ਵਿਚ ਕਾਨੀ ਜੋ ਅੱਖਰ ਲਿਖ ਰਿਹਾ ਪਾਤਰ

ਸਮੇਂ ਦੇ ਪੰਨਿਆਂ 'ਤੇ ਜਗ ਰਿਹਾ ਸਿਰਤਾਜ ਹਸਤਾਖ਼ਰ
ਜ਼ਖ਼ੀਰਾ ਜਜ਼ਬਿਆਂ ਦਾ ਹੈ ਖ਼ਿਆਲਾਂ ਦੀ ਘਟਾ ਪਾਤਰ

ਹਵਾ ਵਿਚ ਹਰਫ਼ ਲਿਖਦਾ ਹੈ ਸੁਲਗਦਾ ਹੈ ਹਨੇਰੇ ਵਿਚ
ਕੋਈ ਦਰਗਾਹ ਹੈ ਲਫ਼ਜ਼ਾਂ ਦੀ ਤੇ ਬਿਰਖਾਂ ਦੀ ਦੁਆ ਪਾਤਰ

ਉਹਦੀ ਕਵਿਤਾ 'ਚੋਂ ਉਸ ਦੀ ਆਤਮਾ ਦੇ ਨਕਸ਼ ਦਿਸਦੇ ਨੇ
ਕਿ ਜਿਸ ਨੇ ਭਾਲ਼ਿਆ ਕਵਿਤਾ 'ਚੋਂ ਉਸ ਨੂੰ ਮਿਲ ਗਿਆ ਪਾਤਰ



**Proud of them**



**Dr. Sardar Sukhmandar Singh (Second from Left), Endowed Professor, Santa Clara University, California (USA), visits University of Calgary (Alberta, Canada).**

Sita Kaur is Canadian Greco-Roma Wrestling Champion

Ceola Sita Kaur Kelly from Richmond, British Columbia (BC, Canada) became Canada's Greco-Roman wrestling champion. This 14-year-old Sikh girl who won Gold Medal at the Canadian National Championship, and a Silver Medal in the freestyle competition, is also a provincial champion of BC. She is also training to compete in jiu-jitsu.



**Parneet Kaur won Gold in 2024 World Archery Competition at Shanghai**




Parneet Kaur, who belongs to district Mansa of Punjab, made the country proud with her brilliant achievement. She clinched the Gold Medal in the 2024 Archery World Cup held at Shanghai (China). She, along with Jyothi and Aditi Swami, defeated Italy 236-225 in the women's compound team to open an account with the Gold Medal.

**A Gursikh is Indian Field Hockey Team's Top Defender in the Victorious Asian Games held in Japan**



Sardar Jarmanpreet Singh, formerly a student of Khalsa Academy, Mehta (Amritsar), is defender in the Indian Field Hockey team that defeated Japan 5-1in the Asian Games and won Gold Medal.

**Indian Hockey's Legendary Architect – the Brilliant Skipper Sardar Balbir Singh (Sr)**



It was six Olympic Gold Medals in a row for the Indian hockey team at Melbourne 1956. India did not concede a single goal in the entire tournament and skipper Balbir Singh Sr. played with a fracture in his right hand in the final as India beat Neighbours Pakistan 1-0 in the final.

## ਨੰਗਾ ਦੋਜਕਿ ਚਾਲਿਆ ...

ਸਰਦਾਰਨੀ ਡਾ. ਹਰਸ਼ਿੰਦਰ ਕੌਰ, ਐੱਮ.ਡੀ., ਪਟਿਆਲਾ



ਗੁਰੂ ਨਾਨਕ ਸਾਹਿਬ ਦੇ ਕਥਨ ਅਨੁਸਾਰ :

ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ॥(ਸ੍ਰੀ ਗੁਰੂ ਗ੍ਰੰਥ ਸਾਹਿਬ-469)।

ਜੇ ਪੜਿਆ ਲਿਖਿਆ ਮਨੁੱਖ ਮੰਦੇ ਕਰਮ ਕਰੇ ਤਾਂ ਉਸ ਨੂੰ ਵੇਖ ਕੇ ਅਨਪੜ੍ਹ ਨੂੰ ਘਬਰਾਉਣਾ ਨਹੀਂ ਚਾਹੀਦਾ। ਜੇ ਅਨਪੜ੍ਹ ਮਨੁੱਖ ਨੇਕ ਹੈ ਤਾਂ ਉਸ ਨੂੰ ਮਾਰ ਨਹੀਂ ਪੈਂਦੀ। ਜਿਹੋ ਜਿਹੀ ਕਰਤੂਤ ਹੋਵੇ, ਉਹੋ ਜਿਹਾ ਹੀ ਨਾਮ ਬਣਦਾ ਹੈ। ਉਸ ਵਿਚ ਪੜ੍ਹਨ ਜਾਂ ਨਾ ਪੜ੍ਹਨ ਦਾ ਮੁਲ ਨਹੀਂ ਪੈਂਦਾ। ਗੁਰੂ ਸਾਹਿਬ ਨੇ ਇਹ ਵੀ ਫੁਰਮਾਇਆ-

ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥ (ਅੰਗ 471)।

ਭੈੜੇ ਕੰਮਾਂ ਦਾ ਨਤੀਜਾ ਵੀ ਭੈੜਾ ਹੀ ਨਿਕਲਦਾ ਹੈ। ਅਜਿਹਾ ਵਿਅਕਤੀ ਨੰਗਾ ਹੋਵੇਗਾ ਤੇ ਦੋਜਕ ਵਿਚ ਉਸ ਨੂੰ ਆਪਣਾ ਹੀ ਰੂਪ ਭਿਆਨਕ ਜਾਪੇਗਾ। ਭੈੜੇ ਕੰਮ ਕਰ ਕੇ ਅੰਤ ਵਿਚ ਪਛਤਾਉਣਾ ਹੀ ਪਵੇਗਾ।

ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥ (ਅੰਗ 470)।

ਇਹ ਜਿੰਦ ਰੂਪੀ ਸੋਹਣਾ ਸਰੀਰ ਤੇ ਪਹਿਨੇ ਕਪੜੇ ਇਥੇ ਹੀ ਛਡ ਕੇ ਜਾਣੇ ਹਨ। ਕੀਤੇ ਕਰਮਾਂ ਨੇ ਹੀ ਨਾਲ ਰਹਿਣਾ ਹੈ।

ਪੜਿ ਪੁਸਤਕ ਸੰਧਿਆ ਬਾਦੰ॥
ਸਿਲ ਪੂਜਸਿ ਬਗੁਲ ਸਮਾਧੰ ॥
ਮੁਖਿ ਝੂਠ ਬਿਭੂਖਣ ਸਾਰੰ ॥
ਤ੍ਰੈਪਾਲ ਤਿਹਾਲ ਬਿਚਾਰੰ ॥
ਗਲ ਮਾਲਾ ਤਿਲਕੁ ਲਿਲਾਟੰ ॥
ਦੁਹਿ ਧੋਤੀ ਬਸਤੁ ਕਪਾਟੰ ॥
ਜੇ ਜਾਣਸਿ ਬ੍ਰਹਮੰ ਕਰਮੰ ॥
ਸਭਿ ਫੋਕਟ ਨਿਸਚਉ ਕਰਮੰ॥
(ਅੰਗ 470)

ਪੰਡਤ ਵੇਦ ਪੜ੍ਹ ਕੇ, ਸੰਧਿਆ ਕਰ ਕੇ, ਬਗਲੇ ਵਾਂਗ ਸਮਾਧੀ ਲਾ ਕੇ ਜੇ ਝੂਠ ਬੋਲ ਕੇ ਗਲ ਵਿਚ ਮਾਲਾ ਤੇ ਮੱਥੇ ਉੱਤੇ ਤਿਲਕ ਲਾਉਣ ਬਾਅਦ ਹਰ ਰੋਜ਼ ਭਾਵੇਂ ਤਿੰਨ ਵਾਰ ਗਾਯਤ੍ਰੀ ਮੰਤਰ ਵਿਚਾਰਲਵੇ, ਪਰ ਉਸ ਦੇ ਇਹ ਕੰਮ ਫੋਕੇ ਹੀ ਹੋਣਗੇ ਕਿਉਂਕਿ ਸਿਰਫ਼ ਸ਼ਰਧਾ ਧਾਰ ਕੇ ਰੱਬ ਨੂੰ ਸਿਮਰਨਾ ਹੀ ਗੁਣਕਾਰੀ ਹੁੰਦਾ ਹੈ। ਇਹੋ ਗਲ ਗੁਰੂ ਨਾਨਕ ਸਾਹਿਬ ਵਲੋਂ ਹੋਰ ਵਧੀਆ ਤਰੀਕੇ ਅੰਗ 1286 ਉੱਤੇ ਵੀ ਸਮਝਾਈ ਮਿਲਦੀ ਹੈ।

ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ ॥ (ਅੰਗ 1286)

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥ (ਅੰਗ 471)

ਪੰਚਤੰਤਰ ਵਿਚ ਗਿੱਦੜ ਦੀ ਗਲ ਕਰਦੇ ਹਨ ਜੋ ਗ਼ਲਤੀ ਨਾਲ ਜੰਗਲ ਵਿਚੋਂ ਸ਼ਹਿਰ ਵਲ ਆ ਗਿਆ। ਉਸ ਦੇ ਮਗਰ ਕੁੱਤੇ ਪੈ ਗਏ ਤਾਂ ਉਹ ਬਚਣ ਲਈ ਲਲਾਰੀ ਦੇ ਘਰ ਪਏ ਨੀਲ ਦੇ ਟਬ ਵਿਚ ਲੁਕ ਗਿਆ। ਜਦੋਂ ਉਹ ਬਾਹਰ ਨਿਕਲਿਆ ਤਾਂ ਉੱਥੇ ਦੋ ਕੁੱਤੇ ਖੜ੍ਹੇ ਸਨ ਜੋ ਇਸ ਅਜੀਬ ਜਿਹੇ ਨੀਲੇ ਰੰਗ ਦੇ ਜਾਨਵਰ ਨੂੰ ਵੇਖ ਕੇ ਘਬਰਾ ਕੇ ਦੌੜ ਗਏ। ਗਿੱਦੜ ਨੂੰ ਇਹ ਪਤਾ ਨਹੀਂ ਸੀ ਕਿ ਉਸ ਦਾ ਰੰਗ ਨੀਲਾ ਹੋ ਗਿਆ ਸੀ। ਉਹ ਆਪ ਹੈਰਾਨ ਹੋ ਗਿਆ ਕਿ ਕੁੱਤੇ ਡਰੇ ਕਿਉਂ ? ਅਗੇ ਗਿਆ ਤਾਂ ਕੁਝ ਹੋਰ ਕੁੱਤੇ ਖੜ੍ਹੇ ਵੇਖ ਕੇ ਬਿਦਕ ਗਿਆ। ਪਰ, ਉਹ ਵੀ ਡਰ ਕੇ ਪਰ੍ਹਾਂ ਭਜ ਗਏ। ਉਹ ਉਸੇ ਹਾਲ ਵਿਚ ਜੰਗਲ ਪਹੁੰਚਿਆ ਤਾਂ ਉਸ ਵੇਖਿਆ ਕਿ ਸਾਰੇ ਹੀ ਜਾਨਵਰ ਉਸ ਨੂੰ ਵੇਖ ਕੇ ਡਰਨ ਲਗ ਪਏ ਸਨ। ਉਸ ਨੂੰ ਸਮਝ ਨਾ ਆਈ ਕਿ ਕੀ ਹੋ ਰਿਹਾ ਹੈ।

ਜਦੋਂ ਉਹ ਪਾਣੀ ਪੀਣ ਛੱਪੜ ਵਲ ਗਿਆ ਤਾਂ ਆਪਣੀ ਸ਼ਕਲ ਵੇਖ ਕੇ ਉਹ ਸਮਝ ਗਿਆ ਕਿ ਉਸ ਦੇ ਉੱਪਰ ਚੜ੍ਹੇ ਰੰਗ ਕਰ ਕੇ ਲੋਕ ਉਸ ਨੂੰ ਪਛਾਣ ਨਹੀਂ ਰਹੇ। ਉਸ ਨੇ ਐਲਾਨ ਕਰ ਦਿਤਾ ਕਿ ਉਸ ਨੂੰ ਰੱਬ ਨੇ ਭੇਜਿਆ ਹੈ ਕਿ ਜੰਗਲ ਉੱਤੇ ਰਾਜ ਕਰੇ। ਸਭ ਨੂੰ ਉਸ ਨੇ ਵਖੋ-ਵਖ ਹੁਕਮ ਲਾ ਦਿਤੇ ਕਿ ਉਸ ਲਈ ਖਾਣ-ਪੀਣ ਦਾ ਸਮਾਨ ਲਿਆਉਣ। ਕਈ ਚਿਰ ਏਦਾਂ ਹੀ ਚਲਦਾ ਰਿਹਾ।

ਇਕ ਦਿਨ ਕਿਤੇ ਦੂਰ ਗਿੱਦੜਾਂ ਦੇ ਹੁਆਂਕਣ ਦੀ ਆਵਾਜ਼ ਆਈ ਤਾਂ ਉਹ ਵੀ ਆਦਤਨ ਉਸ ਤਰ੍ਹਾਂ ਦੀ ਆਵਾਜ਼ ਕਢ ਗਿਆ। ਝਟ ਸਾਰੇ ਜਾਨਵਰ ਪਛਾਣ ਗਏ ਕਿ ਇਹ ਜਾਨਵਰ ਤਾਂ ਗਿੱਦੜ ਹੈ। ਗਿੱਦੜ ਨੇ ਜਾਨ ਬਚਾ ਕੇ ਭਜਣ ਦੀ ਬੜੀ ਕੋਸ਼ਿਸ਼ ਕੀਤੀ ਪਰ ਜਾਨਵਰਾਂ ਦੇ ਰੋਹ ਅਗੇ ਟਿਕ ਨਾ ਸਕਿਆ ਤੇ ਮਾਰ ਮੁਕਾ ਦਿਤਾ ਗਿਆ।

ਸੰਨ 2019 ਵਿਚ ਟਾਈਮਜ਼ ਆਫ਼ ਇੰਡੀਆ ਵਿਚ ਛਪੇ ਲੇਖ, 'ਪੌਲੀਟਿਕਸ ਇਜ਼ ਆਰਟ ਔਫ਼ ਫੂਲਿੰਗ ਸਮ ਪੀਪਲ ਆਲ ਦ ਟਾਈਮ' ਵਿਚ ਕਿਹਾ ਗਿਆ ਕਿ ਸਿਆਸੀ ਲੋਕ ਕਈ ਵਾਰ ਲੋਕਾਂ ਨੂੰ ਕੁਝ ਸਮੇਂ ਲਈ ਬੇਵਕੂਫ਼ ਬਣਾ ਲੈਂਦੇ ਹਨ। ਬਥੇਰੇ ਦੁਕਾਨਦਾਰ ਵੀ ਆਪਣਾ ਸਮਾਨ ਵੇਚਣ ਲਈ ਅਜਿਹਾ ਕਰਦੇ ਹਨ। ਇਸ ਲਈ ਪਹਿਲਾਂ ਕਮਜ਼ੋਰ ਤੇ ਛੇਤੀ ਭਰਮਾਏ ਜਾਣ ਵਾਲੇ ਲੋਕ ਲੁੱਟੇ ਜਾਂਦੇ ਹਨ। ਫਿਰ ਉਨ੍ਹਾਂ ਨੂੰ ਅਜਿਹਾ ਨਾਅਰਾ ਦੇ ਦਿਤਾ ਜਾਂਦਾ ਹੈ ਜਿਸ ਨਾਲ ਉਨ੍ਹਾਂ ਨੂੰ ਜਾਪੇ ਕਿ ਉਹ ਇਕਦਮ ਤਾਕਤਵਰ ਅਤੇ ਯੁਗ ਪਲਟਾਓ ਲੋਕ ਹਨ। ਅਜਿਹੀ ਜਿੱਤ ਉੱਤੇ ਭਰਮਾਏ ਲੋਕ ਹੋਰ ਭੂਤਰ ਜਾਂਦੇ ਹਨ ਤੇ ਹੁਕਮ ਵਜਾਉਣ ਲਈ ਤਤਪਰ ਰਹਿੰਦੇ ਹਨ ਜਿਵੇਂ ਰਾਜ ਉਹ ਆਪ ਹੀ ਕਰ ਰਹੇ ਹੋਣ। ਵਿਚ-ਵਿਚ ਮਾਰੇ ਨਾਹਰੇ ਲੋਕਾਂ ਨੂੰ ਨਸ਼ੇ ਵਾਂਗ ਆਪਣੇ ਵਸ ਕਰਦੇ ਰਹਿੰਦੇ ਹਨ।

ਗੁਰੂ ਸਾਹਿਬ ਨੇ ਤਾਂ ਪਹਿਲਾਂ ਹੀ ਸਭ ਕੁਝ ਸਮਝਾਇਆ ਹੋਇਆ ਹੈ।

ਨੰਗਾ ਦੋਜਕਿ ਚਾਲਿਆ ... ॥




https://youtu.be/bcNLnORfMmU




Gurdish kaur grewal
Dr. Balraj Singh
Sartaj
Jaspreet Kaur
Aman Bir Dhami
Galaxy S6
Taranjeet Kaur Grewal
Karamjit Singh Noor
Parneet Kaur
Amitoj Kaur
Amitoj Kaur
Jagbir Singh
SARABJEET KAUR
Prabhjot Singh
Prabhjot Singh

## 27 ਅਪਰੈਲ 2024 ਨੂੰ ਈ-ਦੀਵਾਨ ਕੈਲਗਰੀ ਵਲੋਂ ਕਰਵਾਏ ਗਏ ਕਵੀ ਦਰਬਾਰ ਦੀ ਰਿਪੋਰਟ

ਸਰਦਾਰ ਜਸਵਿੰਦਰ ਸਿੰਘ ਰੁਪਾਲ, ਕੈਲਗਰੀ (ਕੈਨੇਡਾ)

ਖਾਲਸਾ ਸਾਜਨਾ ਦਿਵਸ ਅਤੇ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਸ ਇੰਟਰਨੈਸ਼ਨਲ ਕਵੀ ਦਰਬਾਰ ਵਿੱਚ ਵੱਖ ਵੱਖ ਦੇਸ਼ਾਂ ਤੋਂ ਕਵੀ ਜਨਾਂ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਪਹਿਲਾਂ ਸੋਸਾਇਟੀ ਦੇ ਸੰਸਥਾਪਕ ਡਾ. ਰਾਜਾ ਬਲਰਾਜ ਸਿੰਘ ਨੇ 'ਜੀ ਆਇਆਂ' ਆਖਦੇ ਹੋਏ ਕਵੀ ਦਰਬਾਰ ਦੇ ਮਕਸਦ ਤੇ ਚਾਨਣਾ ਪਾਇਆ।

ਪ੍ਰੋਗਰਾਮ ਦਾ ਆਰੰਭ ਅਮਿਤੋਜ ਕੌਰ ਅਤੇ ਅਨੁਰੀਤ ਕੌਰ ਦੇ ਸੁਣਾਏ  ਸ਼ਬਦ - "ਮੋਕਉ ਤੂ ਨ ਬਿਸਾਰਿ ਤੂ ਨ ਬਿਸਾਰਿ ਰਾਮਈਆ" ਨਾਲ ਕੀਤਾ ਗਿਆ। ਫਿਰ ਪਰਨੀਤ ਕੌਰ, ਸਿਮਰਲੀਨ ਕੌਰ ਅਤੇ ਸ. ਪਰਮਜੀਤ ਸਿੰਘ ਟੋਰਾਂਟੋ  ਨੇ  "ਖਾਲਸੇ ਦੀ ਬਾਤ ਕੋਈ ਸੁਣਾ ਨੀ ਵਿਸਾਖੀਏ" ਸਾਜਾਂ ਨਾਲ ਗਾਇਆ। ਸਾਊਥ ਕੋਰੀਆ ਤੋਂ ਕਵੀ ਸ. ਅਮਨਬੀਰ ਸਿੰਘ ਧਾਮੀ ਨੇ "ਗੁਰੂਆਂ ਦੀ ਦਿੱਤੀ ਦਸਤਾਰ ਭੁੱਲ ਗਇਓਂ ਤੂੰ" ਸੁਣਾਉਂਦੇ ਹੋਏ ਸਿੱਖੀ ਸੰਭਾਲਣ ਦੀ ਪ੍ਰੇਰਨਾ ਦਿੱਤੀ। ਸਾਹਨੇਵਾਲ (ਭਾਰਤ) ਤੋਂ ਕਵਿੱਤਰੀ ਤਰਨਜੀਤ ਕੌਰ ਗਰੇਵਾਲ ਨੇ ਇਕ ਗੀਤ "ਨੀ ਇਹ ਮਰਦ ਅਗੰਮੜਾ ਨੀ ਸਈਓ ਦੁਨੀਆ ਦੇ ਦੁੱਖ ਜਰਦਾ" ਗਾ ਕੇ ਹਾਜਰੀ ਲਗਵਾਈ। ਜਸਪ੍ਰੀਤ ਕੌਰ ਨੋਇਡਾ ਨੇ ਗੁਰਦੀਸ਼ ਕੌਰ ਗਰੇਵਾਲ ਦਾ ਗੀਤ "ਉਸ ਪੰਥ ਸਜਾਇਆ ਏ" ਸੁਣਾਇਆ।ਸਰਬਜੀਤ ਕੌਰ ਸਰਬ ਉੱਤਰਾਖੰਡ ਨੇ ਆਪਣੀ ਇੱਕ ਨਵੇਕਲੀ ਕਵਿਤਾ ਸੁਣਾਈ। ਇੰਜੀਨੀਅਰ ਸ. ਕਰਮਜੀਤ ਸਿੰਘ ਨੂਰ ਜਲੰਧਰ ਨੇ ਆਪਣੀ ਕਵਿਤਾ ਰਾਹੀਂ ਆਦਰਸ਼ਕ ਸਿੱਖੀ ਕਿਰਦਾਰ ਵਲ ਧਿਆਨ ਦਿਵਾਇਆ। ਸਰੀ ਦੇ ਸ. ਪਲਵਿੰਦਰ ਸਿੰਘ ਰੰਧਾਵਾ ਨੇ "ਧੰਨ ਗੁਰੂ ਤੇਰਾ ਖਾਲਸਾ" ਗਾਇਆ। ਟੋਰਾਂਟੋ ਤੋਂ ਸ. ਸੁਜਾਨ ਸਿੰਘ ਸੁਜਾਨ ਨੇ ਗੀਤ "ਅਰਸ਼ਾਂ ਉੱਤੇ ਦੇਵਤਿਆਂ ਵੰਡੀ ਖ਼ੁਸ਼ਬੋਈ" ਗਾ ਕੇ ਗੁਰੂ ਤੇਗ ਬਹਾਦਰ ਜੀ ਨੂੰ ਯਾਦ ਕੀਤਾ। ਸ. ਸਾਧੂ ਸਿੰਘ ਝੱਜ ਸਿਆਟਲ ਨੇ "ਧੰਨ ਧੰਨ ਦਸ਼ਮੇਸ਼ ਪਿਤਾ ਜਿਨ੍ਹਾਂ ਖਾਲਸਾ ਪੰਥ ਸਜਾਇਆ" ਗੀਤ ਗਾਇਆ। ਕੈਲਗਰੀ ਦੇ ਸ. ਅਮਨਦੀਪ ਸਿੰਘ ਦੁਲੱਟ ਦੇ ਛੰਦ ਵਿਚ ਵਿਸਾਖੀ ਦੀ ਕਵਿਤਾ "ਚਿੜੀਆਂ ਤੋਂ ਕਈ ਅੱਜ ਬਾਜ ਹੋਣਗੇ" ਸੁਣਾਈ। ਸ. ਜਸਵਿੰਦਰ ਸਿੰਘ ਰੁਪਾਲ ਕੈਲਗਰੀ ਨੇ ਦੂਣਾ ਯਮਕਦਾਰ ਕੇਸਰੀ ਛੰਦ ਵਿਚ  ਕਵਿਤਾ "ਸਿੱਖ ਤੋ ਗੁਰਾਂ ਨੇ ਐਸਾ ਸਿੰਘ ਘੜਿਆ, ਖਾਲਸਾ ਕਹਾਂਵਦਾ, ਜੱਗ ਤੋਂ ਨਿਆਰਾ ਏ" ਗਾ ਕੇ ਸੁਣਾਈ। ਕੈਲਗਰੀ ਤੋਂ ਹੀ ਛੰਦਾਬੰਦੀ ਦੇ ਕਵੀ ਸ. ਜਸਵੰਤ ਸਿੰਘ ਸੇਖੋਂ ਨੇ "ਸਿੱਖੋ ਮੈਨੂੰ ਸੀਸ ਚਾਹੀਦਾ, ਕੋਈ ਸੂਰਮਾ ਮੈਦਾਨ ਵਿੱਚ ਨਿੱਤਰੇ" ਗਾ ਕੇ ਸੁਣਾਇਆ। ਪਟਿਆਲੇ ਤੋਂ ਸ. ਅਮਨਦੀਪ ਸਿੰਘ ਅਜਨੌਦਾ ਨੇ ਕਵਿਤਾ "ਖਾਲਸਾ ਸਜਾ ਗਏ ਪਿਤਾ ਦਸ਼ਮੇਸ਼ ਜੀ" ਕੋਰੜਾ ਛੰਦ ਵਿਚ ਸੁਣਾਈ।

ਸੰਚਾਲਕ ਗੁਰਦੀਸ਼ ਕੌਰ ਗਰੇਵਾਲ ਨੇ "ਤੇਗ ਬਹਾਦਰ ਸਿਮਰੀਐ" ਕਵਿਤਾ ਰਾਹੀਂ ਗੁਰੂ ਜੀ ਦੇ ਉਪਕਾਰਾਂ ਨੂੰ ਸਤਿਕਾਰ ਭੇਟ ਕੀਤਾ। ਸ. ਜਗਬੀਰ ਸਿੰਘ ਨੇ ਸਾਰੇ ਕਵੀਆਂ ਅਤੇ ਸੰਗਤ ਦਾ ਧੰਨਵਾਦ ਕੀਤਾ। ਡਾ. ਰਾਜਾ ਬਲਰਾਜ ਸਿੰਘ ਨੇ ਸਮਾਪਤੀ ਤੇ ਕਿਹਾ ਕਿ - ਕੋਈ ਵੀ ਦਿਵਸ ਮਨਾਇਆ ਤਦ ਹੀ ਸਫਲ ਹੈ, ਜੇ ਅਸੀਂ ਆਪਣੇ ਕਿਰਦਾਰ ਵਿੱਚ ਗੁਰਮਤਿ ਲੈ ਕੇ ਆਈਏ।

# ਪੂਜਾ ਅਕਾਲ ਕੀ

ਸਰਦਾਰਨੀ ਸੁਰਜੀਤ ਕੌਰ ਸਾਰੰਗ, ਨਵੀਂ ਦਿੱਲੀ – 18 (ਭਾਰਤ)



ਅੱਜ ਸਿੱਖ ਜਗਤ ਵਿੱਚ ਸ਼ਖਸੀ ਪੂਜਾ ਦਾ ਜ਼ੋਰ ਅਤੇ ਕਰਮ ਕਾਂਡਾ ਦਾ ਮਹੱਤਵ ਵਧ ਰਿਹਾ ਹੈ। ਗੁਰਮਤਿ ਦੇ ਸਿਧਾਂਤਾਂ ਨੂੰ ਭੁੱਲ ਕੇ ਬਨਾਉਟੀ ਗੁਰੂਆਂ ਦੀ ਸੇਵਾ ਅਤੇ ਧਾਰਮਿਕ ਮੰਨੇ ਜਾਂਦੇ ਅਸਥਾਨਾਂ ਦੀ ਯਾਤਰਾ ਕਰਕੇ ਆਪਣੇ ਆਪ ਨੂੰ ਗੁਰ ਸਿੱਖ ਸਮਝਣ ਵਾਲਿਆਂ ਮਨੁੱਖਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਉਪਦੇਸ਼ ਹ; 'ਪੂਜਾ ਅਕਾਲ ਕੀ ਪਰਚਾ ਸ਼ਬਦ ਕਾ ਦੀਦਾਰ ਖਾਲਸੇ ਕਾ॥ ਇਹ ਸਿੱਖ ਧਰਮ ਦੇ ਸਿਧਾਂਤਾਂ ਨੂੰ ਪ੍ਰਗਟ ਕਰਦਾ ਹੈ ਜਿਨ੍ਹਾਂ ਦੀ ਪਾਲਣਾ ਜ਼ਰੂਰੀ ਹੈ।

ਪੂਜਾ ਅਕਾਲ ਕੀ – ਸਿੱਖ ਧਰਮ ਵਿਚ ਇਕ ਪਰਮਾਤਮਾ ਦੀ ਹੀ ਪੂਜਾ ਦਾ ਵਿਧਾਨ ਹੈ। ਜਿਹੜੇ ਅਕਾਲ ਪੁਰਖ ਨੂੰ ਵਿਸਾਰ ਕੇ ਕਿਸੇ ਹੋਰ ਦੀ ਭਾਲ, ਆਸਰੇ ਕਰਦੇ ਹਨ। ਉਹ ਮੂਰਖ ਅਤੇ ਅਗਿਆਨੀ ਹਨ। ਐਸੇ ਆਦਮੀ ਭਰਮ ਵਿੱਚ ਪਏ ਹੋਏ ਹਨ ਅਤੇ ਆਪਣੇ ਮਨੁੱਖੀ ਜਨਮ ਨੂੰ ਵਿਅਰਥ ਗਵਾ ਰਹੇ ਹਨ।

ਗੁਰਮਤਿ ਵਿਚ ਮੜੀ, ਮਸਾਣਿ, ਚੰਦ, ਸੂਰਜ ਦੀ ਪੂਜਾ ਮਨਾ ਹੈ। ਅਕਾਲ ਪੁਰਖ ਤੋਂ ਬਿਨਾਂ ਕਿਸੇ ਹੋਰ ਆਸਰੇ ਦੀ ਭਾਲ ਕਰਨ ਵਾਲਾ ਸਰੀਰ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਵਿਚ ਗਲ ਜਾਂਦਾ ਹੈ। ਉਸ ਨੂੰ ਕਦੇ ਆਤਮਕ ਅਡੋਲਤਾ ਨਹੀਂ ਮਿਲਦੀ।

ਜਿਹੜਾ ਗੁਰਬਾਣੀ ਪੜ੍ਹਦਾ ਹੈ, ਸੁਣਦਾ ਹੈ, ਅਤੇ ਗੁਰਬਾਣੀ ਦੇ ਆਸਰੇ ਇਕ ਅਕਾਲ ਪੁਰਖ ਦੀ ਹੀ ਟੇਕ ਫੜਦਾ ਹੈ ਉਹ ਲੋਭ ਤਿਆਗ ਕੇ ਗੰਭੀਰ ਸੁਭਾਅ ਵਾਲਾ ਬਣ ਜਾਂਦਾ ਹੈ।

ਪਰਚਾ ਸ਼ਬਦ ਕਾ – ਗੁਰ ਸ਼ਬਦ ਦਾ ਗਿਆਨ ਤੇ ਵਿਚਾਰ ਹੀ ਮਨੁੱਖ ਨੂੰ ਅਗਿਆਨਤਾ ਦੇ ਹਨੇਰੇ ਤੋਂ ਚਾਨਣ ਭਰੇ ਰਾਸਤੇ ਵੱਲ ਲੈ ਜਾਂਦਾ ਹੈ ਜੋ ਪਰਮਾਤਮਾ ਵੱਲ ਜਾਂਦਾ ਹੈ। ਪਰਮਾਤਮਾ ਨਾਲ ਜੁੜਣ ਵਾਸਤੇ ਮਨੁੱਖੀ ਸੁਰਤਿ ਤੇ ਗੁਰੂ ਦੇ ਸ਼ਬਦ ਦਾ ਮੇਲ ਬਹੁਤ ਜ਼ਰੂਰੀ ਹੈ। ਗੁਰੂ ਦੇ ਸ਼ਬਦ ਨੂੰ ਸੂਰਤਿ ਜੋੜ ਕੇ ਸੰਸਾਰ ਸਮੁੰਦਰ ਨੂੰ ਪਾਰ ਕੀਤਾ ਜਾ ਸਕਦਾ ਹੈ।

ਦੀਦਾਰ ਖਾਲਸੇ ਕਾ – ਇਥੇ ਧਿਆਨ ਯੋਗ ਹੈ ਕਿ ਹਰੇਕ ਸਿੱਖ ਖਾਲਸਾ ਨਹੀਂ ਹੈ। ਖਾਲਸੇ ਦਾ ਭਾਵ ਹੈ ਖਾਲਸ, ਪਵਿੱਤਰ, ਛਲ ਕਪਟ ਤੋਂ ਰਹਿਤ, ਵਿਕਾਰਾਂ ਦੇ ਪ੍ਰਭਾਵ ਤੋਂ ਉਪੱਰ, ਕੂੜ ਕ੍ਰਿਆ ਦਾ ਵਿਰੋਧੀ, ਅਮ੍ਰਿਤਧਾਰੀ, ਰਹਿਤ ਮਰਯਾਦਾ ਦਾ ਪਾਲਣ ਕਰਨ ਵਾਲਾ, ਪ੍ਰਭੂ ਪ੍ਰੇਮ ਵਿਚ ਰੰਗਿਆ ਹੋਇਆ ਸ਼ਖ਼ਸ। ਖਾਲਸੇ ਲਈ ਬਾਣੀ ਹੀ ਗੁਰੂ ਹੈ। ਗੁਰੂ ਦੀ ਮਤਿ ਤੇ ਚਲਣਾ ਹੀ ਖਾਲਸੇ ਦਾ ਧਰਮ ਹੈ। ਸੱਚਾ ਗੁਰੂ ਹੀ ਤਾਂ ਪਰਮਾਤਮਾ ਦੇ ਰਾਹ ਤੇ ਚਲਣ ਦੀ ਜਾਚ ਸਿਖਾਂਦਾ ਹੈ। ਆਪਣੇ ਅੰਦਰ ਛਲ ਕਪਟ ਦੂਰ ਕਰੋ ਨਿਰਛਲ ਹੋ ਕੇ ਪਰਮਾਤਮਾ ਦੇ ਨਾਮ ਸਿਮਰਨ ਕਰੋ।

## ਸਿੱਖ ਧਰਮ ਅਤੇ ਸੱਚਾ ਗਿਆਨ

https://gurparsad.com/hola-mahalla-vs-holi/

ਗਿਆਨੀ ਅਵਤਾਰ ਸਿੰਘ ਜੀ

(ਵਿਦਵਾਨ ਗਿਆਨੀ ਜੀ ਦੇ ਦੋ ਲੇਖ ਆਪ ਅਪਰੈਲ ਅਤੇ ਮਈ ਦੇ ਅੰਕਾਂ ਵਿਚ ਪੜ੍ਹ ਚੁਕੇ ਹੋ ਜੀ)

ਕਈ ਪ੍ਰਮੁੱਖ ਅਖ਼ਬਾਰਾਂ ਵਿਚ 16 ਫ਼ਰਵਰੀ 2024 ਨੂੰ ਛਪੀ ਖ਼ਬਰ ਮੁਤਾਬਕ ਅਮਰੀਕਾ ਵਰਗੇ ਵਿਕਸਿਤ ਦੇਸ਼ ’ਚ ਭੀ ਧਰਮ ਪ੍ਰਤੀ ਰੁਝਾਨ 19% ਘਟਿਆ ਹੈ। ਦੁਨੀਆਂ ਦੇ ਦੂਸਰੇ ਮੁਲਕਾਂ, ਖਾਸ ਤੌਰ ਤੇ ਪਛੜੇ ਦੇਸਾਂ ਵਿਚ ਵੀ ਇਹੋ ਹਾਲ ਹੈ। ਇਸ ਦੇ ਮੂਲ ਕਾਰਨ ਇਹ ਹਨ :

(1). ਅਸਲ ਧਰਮ ਦੀ ਸੋਝੀ ਨਾ ਹੋਣਾ :

ਰੰਗਾਂ-ਨਸਲਾਂ, ਕਬੀਲਿਆਂ, ਜਾਤਾਂ, ਇਲਾਕਿਆਂ, ਧਾਰਮਿਕ ਰੀਤੀ-ਰਿਵਾਜਾਂ, ਅੰਧ-ਵਿਸ਼ਵਾਸਾਂ ਕਰਮ-ਕਾਂਡਾਂ ਵਿਚ ਵੰਡੀ ਪਈ ਮਨੁੱਖ ਜਾਤੀ ਨੂੰ ਧਰਮ ਬਾਰੇ ਸਹੀ ਜਾਣਕਾਰੀ ਨਹੀਂ ਹੈ। ਮੋਹਰੀ ਲੋਕ ਪ੍ਰਚਲਿਤ ਰਹੁ-ਰੀਤਾਂ (ਰੂੜ੍ਹੀਵਾਦੀ ਪ੍ਰੰਪਰਾਵਾਂ) ’ਚੋਂ ਨਿਕਲਣ ਦਾ ਵਿਰੋਧ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਆਪਣੀ ਚੌਧਰ ਖੁੱਸਣ ਦਾ ਡਰ ਰਹਿੰਦਾ ਹੈ ਭਾਵੇਂ ਉਨ੍ਹਾਂ ਲਈ ਦੁਨੀਆਂ ਨਰਕ ਭਰੀ ਜ਼ਿੰਦਗੀ ਭੋਗਦੀ ਹੋਈ ਮਰਦੀ ਰਹੇ।

(2). ਧਰਮ ਅੰਦਰ ਰਾਜਨੀਤੀ ਦਾ ਦਖ਼ਲ :
ਉਕਤ ਅਗਿਆਨਤਾ ਕਾਰਣ ਸੱਚੇ ਧਰਮ ਤੋਂ ਸੱਖਣੇ ਲੋਕ ਕਰਮ-ਕਾਂਡਾਂ ਵਾਲੇ ਦਿਖਾਵੇ-ਬਾਜ਼ੀ ਦੇ ਧਰਮ ਨੂੰ ਰਾਜਨੀਤੀ ਲਈ ਵਰਤਦੇ ਹਨ। ਧਰਮ ਦੇ ਨਾਂ ’ਤੇ ਇਸ ਗੋਰਖ ਧੰਦੇ ਨੂੰ ਵੇਖ ਕੇ ਨਵੀਂ ਪੀੜੀ ਸੱਚੇ ਧਰਮ ਤੋਂ ਦੂਰ ਹੋਈ ਹੈ।

(3). ਉੱਚੇ ਸੁੱਚੇ ਅਸੂਲਾਂ ਵਾਲ਼ੇ ਧਰਮ ਦੇ ਪ੍ਰਚਾਰ ਲਈ ਉੱਚੇ ਸੁੱਚੇ ਪ੍ਰਚਾਰਕਾਂ ਦੀ ਵੱਡੀ ਘਾਟ :
ਧਰਮ (ਭਾਵ ਗੁਰਮਤਿ) ਦਾ ਪ੍ਰਚਾਰ-ਪ੍ਰਸਾਰ ਕਰਨ ਲਈ ਗੁਰਬਾਣੀ ਅੰਦਰ ਹਿਦਾਇਤ ਹੈ:
“ਪ੍ਰਥਮੇ ਮਨੁ ਪਰਬੋਧੈ ਅਪਨਾ; ਪਾਛੈ ਅਵਰ ਰੀਝਾਵੈ ॥” (ਮਹਲਾ ੫ / ੩੮੧)॥

ਗੁਰੂ ਸਾਹਿਬ ਮਨੁੱਖ ਨੂੰ ਕਹਿੰਦੇ ਹਨ ਪਹਿਲਾਂ ਆਪਣੇ ਮਨ ਨੂੰ ਸਮਝਾ, ਕਾਬੂ ਕਰ, ਫਿਰ ਹੋਰਾਂ ਲਈ ਪ੍ਰੇਰਨਾ ਸ੍ਰੋਤ ਬਣ।ਆਪਣੇ ਅਨੁਭਵ ਉਪਰੰਤ ਬਾਕੀ ਮਨੁੱਖ ਜਾਤੀ ਨੂੰ ਢੁਕਵੀਂ ਧਰਮ-ਸੇਧ ਦੇ। ਇਹ ਸੱਚ ਹੈ ਕਿ ਜੇਕਰ ਕੋਈ ਵਸਤੂ ਖਰੀਦਣੀ ਹੋਵੇ ਤਾਂ ਪਹਿਲਾਂ ਖ਼ੁਦ ਘੋਖ-ਪੜਤਾਲ ਕਰਨੀ ਚਾਹੀਦੀ ਹੈ: “ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥” (ਮਹਲਾ ੧ / ੧੪੧੦)॥

ਧਰਮ ਨੂੰ ਮਨ ਦੀ ਥਾਂ ਸਰੀਰਕ ਚਿੰਨ੍ਹਾਂ ਨਾਲ਼ ਜੋੜਨ ਵਾਲ਼ੇ ਲੋਕ ਸਮਾਜ ਦੇ ਸੁਨਹਿਰੇ ਭਵਿਖ ਲਈ ਕੋਈ ਯੋਗਦਾਨ ਨਹੀਂ ਪਾ ਰਹੇ ਬਲਕਿ ਸਰੀਰਕ ਸੁਵਿਧਾਵਾਂ ਭੋਗਣ ਨੂੰ ਹੀ ਪਰਮ ਅਨੰਦ ਸਮਝਦੇ ਹਨ। ਰਸਾਂ-ਕਸਾਂ ਦੇ ਸੁਆਦ ਨੂੰ ਹੀ ਮਨੁਖ ਅਨੰਦ ਸਮਝਦਾ ਹੈ ਜਦਕਿ ਅਸਲ ਆਨੰਦ ਦੀ ਪ੍ਰਾਪਤੀ ਗੁਰੂ ਪਾਸੋਂ ਹੋਣੀ ਹੈ। ਸਰੀਰਕ ਸੁਖਾਂ ਅਤੇ ਮਨੋਰੰਜਨ ਨੂੰ ਆਨੰਦ ਸਮਝਣ ਵਾਲਿਆਂ ਲਈ ਗੁਰੂ ਅਮਰਦਾਸ ਜੀ ਦੇ ਬਚਨ ਹਨ:

"ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥" (ਮਹਲਾ ੩ / ੯੧੭)॥

ਗੁਰਬਾਣੀ ਦੇ ਸਰਬ ਸਾਂਝੇ ਉਪਦੇਸ਼ ਕਾਰਣ ਗੁਰੂ ਨੀਤੀ ਦਾ ਸਦੀਆਂ ਤੋਂ ਦਬੀ-ਕੁਚਲੀ ਜਨਤਾ ਨੇ ਡੱਟ ਕੇ ਸਮਰਥਨ ਕੀਤਾ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਕਮਾਨ ਹੇਠ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਕਮਾਂਡ ਹੇਠ ਆਪਣੇ ਫ਼ਰਜ਼ ਸਮਝ ਚੁੱਕੀ ਮਨੁੱਖ ਜਾਤੀ ਨੇ ਵਧ ਚੜ੍ਹ ਕੇ ਹਿਸਾ ਲਿਆ। 14-ਵੀਂ ਸਦੀ ਤੋਂ 18-ਵੀਂ ਸਦੀ ਤੱਕ ਤਕਰੀਬਨ 500 ਸਾਲ 'ਚ ਅੰਮ੍ਰਿਤਮਈ ਅਤੇ ਕਾਂਤੀਕਾਰੀ ਬਚਨਾਂ ਨਾਲ਼ ਗੁਰੂ ਸਾਹਿਬਾਨ ਤੇ ਭਗਤਾਂ ਨੇ ਐਸੀ ਜ਼ਮੀਨ ਤਿਆਰ ਕਰ ਰੱਖੀ ਸੀ।

(1). ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥ (ਭਗਤ ਕਬੀਰ ਜੀ / ੧੧੦੫)॥

(2). ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ॥ (ਮਹਲਾ ੧ / ੧੪੧੨)॥

(3). ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥ (ਮਹਲਾ ੯ / ੧੪੨੭)॥

ਕਿਸੇ ਨੂੰ ਡਰਾਉਣਾ ਜਾਂ ਆਪ ਕਿਸੇ ਤੋਂ ਡਰਨਾ ਨਹੀਂ ਹੈ। ਜੋ ਨਿਡਰ ਰਹਿੰਦਾ ਹੈ ਅਸਲ 'ਚ ਉਸੇ ਨੂੰ ਗਿਆਨੀ / ਧਰਮੀ ਕਹਿਣਾ ਬਣਦਾ ਹੈ।

ਗੁਰੂ ਸਾਹਿਬਾਨ ਨੇ ਧਾੜਵੀਆਂ ਤੋਂ ਬਚਾਅ ਲਈ ਤਖ਼ਤ ਸਥਾਪਿਤ ਕੀਤੇ, ਕਿਲ੍ਹੇ ਬਣਵਾਏ ਅਤੇ ਭਗਤ-ਯੋਧੇ ਤਿਆਰ ਕੀਤੇ। ਭਗਤੀ ਕਰਨ ਵਾਲ਼ੇ ਅੰਦਰ ਕੇਵਲ ਸ਼ਾਂਤੀ (ਪੀਰੀ) ਹੀ ਨਹੀਂ ਬਲਕਿ ਵੀਰਤਾ (ਮੀਰੀ) ਦਾ ਗੁਣ ਭੀ ਹੁੰਦਾ ਹੈ। ਹੋਲਾ ਮਹੱਲਾ ਅੰਦਰ ਇਸ ਵੀਰਤਾ ਨੂੰ ਪੈਦਾ ਕਰਨ ਵਾਲਾ ਤਿਉਹਾਰ ਹੈ।

ਗੁਰੂ ਨਾਨਕ ਸਾਹਿਬ ਨੇ ਆਪਣੀ ਤੀਜੀ ਉਦਾਸੀ (ਸੰਨ 1514-16) ਸਮੇਂ ਜੋਗੀਆਂ ਨਾਲ਼ ਚਰਚਾ ਦੌਰਾਨ ਜਦ 'ਸਬਦੁ' (ਰੱਬ ਦੀ ਮਹਿਮਾ/ ਨਾਮ) ਨੂੰ 'ਗੁਰੂ' (ਸਿੱਖ ਕੌਮ ਦਾ ਰਹਿਬਰ/ ਅਗਵਾਈ ਕਰਤਾ) ਬਿਆਨ ਕੀਤਾ ਤਾਂ ਸਾਫ਼ ਹੋ ਗਿਆ ਸੀ ਕਿ ਸਿੱਖ ਜਗਤ ਦੀ ਸਦੀਵੀ ਅਗਵਾਈ ਕੋਈ ਸਰੀਰ-ਗੁਰੂ ਨਹੀਂ ਕਰੇਗਾ।

ਅੱਜ ਪੀੜ੍ਹੀ ਦਰ ਪੀੜ੍ਹੀ 'ਗੱਦੀ' ਕਾਇਮ ਰੱਖਣ ਲਈ 'ਸਰੀਰ-ਗੁਰੂ ਦੀ ਮਨੁੱਖਤਾ ਨੂੰ ਲੋੜ' ਵਿਸ਼ੇ ਉੱਤੇ ਆਪਣੀ ਨਿਰਬਲਤਾ ਨੂੰ ਛੁਪਾਉਂਦਿਆਂ ਬੜੇ ਭਾਸ਼ਣ ਹੁੰਦੇ ਹਨ ਤਾਂ ਕਿ ਅਗਾਂਹ ਸੰਤਾਨ ਭੀ ਸਦੀਆਂ ਤੱਕ ਪਖੰਡੀ ਗੁਰੂ ਜਾਂ ਸੰਤ ਬਣ ਕੇ (ਸਰਕਾਰੀ ਸਰਪ੍ਰਸਤੀ ਹੇਠ) ਅਰਾਮ ਦਾਇਕ ਜ਼ਿੰਦਗੀ ਭੋਗਦੀ ਰਹੇ। ਜਿਨ੍ਹਾਂ ਨੇ ਅਤੀਤ ਵਿਚ ਵਾਰ-ਵਾਰ ਹੁੰਦੀ ਬੇਇਨਸਾਫੀ ਵਿਰੁਧ ਕਦੇ ਜ਼ਬਾਨ ਨਹੀਂ ਖੋਲ੍ਹੀ, ਉਹ ਹੁਣ ਤੇ ਅਗਾਂਹ ਭੀ ਮੂੰਹ ਨਹੀਂ ਖੋਲ੍ਹਣਗੇ। ਉਨ੍ਹਾਂ ਤੋਂ ਅਧਿਆਤਮਕ ਗਿਆਨ ਜਾਂ ਦੁਨੀਆਵੀ ਆਸਰਾ ਤੱਕਣਾ ਗ਼ਲਤ-ਫ਼ਹਿਮੀ ਹੈ।

## ਮਿਥਿਆ ਤਨ ਨਹੀ ਪਰਉਪਕਾਰਾ – ਭਾਗ 3

(ਹੱਡ-ਬੀਤੀਆਂ)

ਡਾ. ਸਰਦਾਰ ਬਲਦੇਵ ਸਿੰਘ, ਐਡਮਿੰਟਨ (ਕੈਨੇਡਾ)



ਕੈਨੇਡਾ ਦੇ ਅਲਬਰਟਾ ਰਾਜ ਦੀਆਂ ਗਰਮੀਆਂ ਦਾ ਇਕ ਸੁਹਾਵਣਾ ਦਿਨ। ਇਕ ਮੈਡੀਕਲ ਅਪਾਇੰਟਮੈਂਟ ਅਟੈਂਡ ਕਰਕੇ ਮੈਂ 50 ਸਟਰੀਟ ਤੇ ਕਾਰ ਵਿੱਚ ਘਰ ਜਾ ਰਿਹਾ ਸੀ। ਡਾਕਟਰ ਕੋਲ ਵਾਰੀ ਆਉਂਦਿਆਂ 3-4 ਘੰਟੇ ਲਗਣ ਕਰਕੇ ਥਕਾਵਟ ਮਹਿਸੂਸ ਹੋ ਰਹੀ ਸੀ। ਸੋ ਛੇਤੀ ਘਰ ਪਹੁੰਚਣਾ ਚਾਹੁੰਦਾ ਸੀ। ਪਰ ਮੁਸੀਬਤ ਕਿਹੜਾ ਦੱਸਕੇ ਆਉਂਦੀ ਹੈ। ਤੇਰਾਂ ਐਵੇਨਿਊ ਦੇ ਚੁਰਾਹੇ ਨੇੜੇ ਪਹੁੰਚਿਆ ਤਾਂ ਟ੍ਰੈਫਿਕ ਲਾਈਟਾਂ ਦੀ ਬੱਤੀ ਲਾਲ ਸੀ। ਕਾਰ ਰੋਕੀ ਤਾਂ ਇਕ ਕਾਰ ਮੈਥੋਂ ਮੂਹਰੇ ਸੀ।

ਬੱਤੀ ਹਰੀ ਹੋਈ ਤਾਂ ਬ੍ਰੇਕ ਛੱਡਣ ਤੇ ਮੇਰੀ ਆਟੋਮੈਟਿਕ ਕਾਰ ਅੱਗੇ ਹੀ ਨਾ ਤੁਰੇ। ਪਤਾ ਹੀ ਨਹੀਂ ਸੀ ਲੱਗਿਆ ਕਿ ਕਦੋਂ ਇੰਜਣ ਬੰਦ ਹੋ ਗਿਆ ਸੀ। ਦੁਬਾਰਾ ਸਟਾਰਟ ਕਰਨ ਲਈ ਚਾਬੀ ਘੁਮਾਈ ਤਾਂ ਬੁੜ ਬੁੜ ਜਿਹੀ ਕਰਕੇ ਇੰਜਣ ਨੇ ਚੁੱਪ ਸਾਧ ਲਈ। ਪਿਛਲੇ ਅੱਧੇ ਕੁ ਕਿਲੋਮੀਟਰ ਤੋਂ ਮੈਨੂੰ ਥੋੜਾ ਮਹਿਸੂਸ ਤਾਂ ਹੋਇਆ ਸੀ ਕਿ ਕੋਈ ਗੜਬੜ ਹੈ ਕਿਉਂਕਿ ਕਾਰ ਨੇ ਉਭੇ ਜਿਹੇ ਸਾਹ ਲੈਣੇ ਸ਼ੁਰੂ ਕੀਤੇ ਸਨ। ਪਰ ਹੁਣ ਤਾਂ ਮੁਸੀਬਤ ਗਲ ਪੈ ਗਈ ਸੀ। ਇੰਜਣ ਸਟਾਰਟ ਕਰਨ ਦੀ ਕਈ ਵਾਰ ਕੋਸ਼ਿਸ਼ ਕੀਤੀ ਪਰ ਸਫਲਤਾ ਨਾ ਮਿਲੀ। ਬੱਤੀ ਹਰੀ ਹੋਣ ਤੇ ਮੈਥੋਂ ਮੂਹਰਲੀ ਕਾਰ ਤਾਂ ਉਸੇ ਵੇਲੇ ਚਲੀ ਗਈ, ਪਰ ਮੈਂ ਓਥੇ ਦਾ ਓਥੇ ਖੜਾ ਸੀ। ਮੇਰੀ ਲੇਨ ਵਿੱਚ ਮੇਰੇ ਪਿੱਛੇ ਗੱਡੀਆਂ ਦੀ ਲੰਬੀ ਲਾਈਨ ਲਗ ਗਈ ਸੀ।

ਛੁੱਟੀ ਦਾ ਟਾਈਮ ਸੀ, ਕੰਮ-ਕਾਰਾਂ ਤੋਂ ਮੁੜਦੇ ਲੋਕ ਛੇਤੀ ਘਰ ਪਹੁੰਚਣਾ ਚਾਹੁੰਦੇ ਹੁੰਦੇ ਹਨ। ਕਈ ਗੱਡੀਆਂ ਵਾਲੇ ਛਿੱਥੇ ਪਏ ਹਾਰਨ ਵਜਾ ਰਹੇ ਸਨ। ਇੱਕ ਗਲ ਦਸਾਂ, ਪੱਛਮੀਂ ਦੇਸ਼ਾਂ ਵਿੱਚ ਆਮ ਤੌਰ ਤੇ ਹਾਰਨ ਵਜਾਉਣਾ ਗਾਹਲ ਵਾਂਗ ਸਮਝਿਆ ਜਾਂਦਾ ਹੈ। ਤੁਹਾਥੋਂ ਮੂਹਰਲੀ ਗੱਡੀ ਕੋਈ ਗਲਤੀ ਕਰ ਰਹੀ ਹੋਵੇ, ਜਾਂ ਤੁਸੀਂ ਉਸਨੂੰ ਕਿਸੇ ਖਤਰੇ ਤੋਂ ਆਗਾਹ ਕਰਨਾ ਹੋਵੇ ਤਾਂ ਤੁਹਾਡਾ ਹਾਰਨ ਵਜਾਉਣਾ ਜਾਇਜ਼ ਹੈ। ਪਰ ਬਿਨਾਂ ਕਿਸੇ ਕਾਰਨ ਹਾਰਨ ਵਜਾਉਣ ਨੂੰ ਗੈਰ-ਸਭਿਅਕ ਤੇ ਉਜੱਡਪੁਣਾ ਸਮਝਿਆ ਜਾਂਦਾ ਹੈ। ਵੈਸੇ ਮਨੁੱਖੀ ਫਿਤਰਤ ਹੈ, ਕਈ ਵਾਰ ਕਹਿੰਦੇ ਕਹਾਉਂਦੇ ਠੰਡੇ ਸੁਭਾਅ ਵਾਲੇ ਵਿਅਕਤੀ ਨੂੰ ਵੀ ਗੁੱਸਾ ਆ ਸਕਦਾ ਹੈ।

ਖੈਰ, ਕਿਉਂਕਿ ਮੇਰੇ ਵਾਲੀ ਲੇਨ ਮੇਰੀ ਕਾਰ ਕਰਕੇ ਰੁਕੀ ਪਈ ਸੀ, ਕਈ ਕਾਰਾਂ ਵਾਲੇ ਮੌਕਾ ਮਿਲਣ ਤੇ ਲੇਨ ਬਦਲ ਕੇ ਨਾਲ ਦੀ ਲੇਨ ਵਿੱਚ ਜਾਣ ਦੀ ਕੋਸ਼ਿਸ਼ ਕਰਨ ਲੱਗੇ ਸਨ। ਲਗ ਰਿਹਾ ਸੀ ਕਿ ਮੇਰੇ ਕੋਲੋਂ ਲੰਘਣ ਵੇਲੇ ਕਈ ਮੈਨੂੰ ਬੁਰਾ ਭਲਾ ਕਹਿ ਰਹੇ ਸਨ ਕਿਉਂਕਿ ਸਿਰਫ ਇੱਕੋ ਲੇਨ ਚਲਣ ਕਰਕੇ ਇੰਟਰਸੈਕਸ਼ਨ ਨੂੰ ਪਾਰ ਕਰਨ ਵਿਚ ਕਾਫੀ ਮੁਸ਼ਕਲ ਆ ਰਹੀ ਸੀ।

ਮੈਂ ਅਲਬਰਟਾ ਮੋਟਰ ਐਸੋਸੀਏਸ਼ਨ (AMA) ਦੀ "ਐਮਰਜੈਂਸੀ ਸੜਕ ਸਹਾਇਤਾ", ਜਿਸਦਾ ਮੈਂ ਮੈਂਬਰ ਸੀ, ਨੂੰ ਫੋਨ ਕੀਤਾ ਤੇ ਆਪਣੀ ਲੋਕੇਸ਼ਨ ਦਸ ਕੇ ਸਹਾਇਤਾ ਲਈ ਬੇਨਤੀ ਕੀਤੀ। ਉਨਾਂ ਕਿਹਾ ਕਿ ਪੌਣਾ ਕੁ ਘੰਟਾ ਲਗ ਸਕਦਾ ਸੀ। ਉਡੀਕ ਕਰਨ ਤੋਂ ਬਿਨਾ ਕੋਈ ਚਾਰਾ ਨਹੀਂ ਸੀ। ਖਿਝੇ ਹੋਏ ਡਰਾਈਵਰ ਲੇਨ ਬਦਲ ਕੇ ਮੇਰੇ ਲਾਗਿਓਂ ਬੁੜ ਬੁੜ ਕਰਦੇ ਲੰਘੀ ਜਾ ਰਹੇ ਸਨ, ਤੇ ਮੈਂ ਨੀਵਾਂ ਜਿਹਾ ਹੋ ਕੇ ਸੀਟ ਤੇ ਬੈਠਾ ਸਭ ਸਹਾਰੀ ਜਾ ਰਿਹਾ ਸਾਂ।

ਤਦੇ ਮੇਰੇ ਫੋਨ ਦੀ ਘੰਟੀ ਵੱਜੀ। ਮੇਰੀ ਬੇਟੀ ਸੀ। ਕਹਿਣ ਲਗੀ ਪਾਪਾ ਅਸੀਂ ਹੁਣੇ ਤੁਹਾਡੀ ਕਾਰ ਕੋਲੋਂ ਦੀ ਲੰਘੇ ਹਾਂ। ਕੀ ਤੁਹਾਡੀ ਕਾਰ 'ਚ ਕੋਈ ਨੁਕਸ ਪੈ ਗਿਆ ਹੈ? ਮੈਂ ਸਾਰੀ ਗਲ ਦੱਸੀ। ਮੇਰਾ ਜਵਾਈ ਕਹਿਣ ਲੱਗਾ ਕਿ ਮੈਂ ਪਰਿਵਾਰ ਨੂੰ ਘਰ, ਜੋ ਓਥੋਂ 2 ਕੁ ਕਿਲੋਮੀਟਰ ਦੂਰ ਸੀ, ਛੱਡ ਕੇ ਹੁਣੇ ਆਉਂਦਾ ਹਾਂ। ਨਾਲੇ ਹੱਸ ਕੇ ਕਹਿਣ ਲਗਾ ਕਿ ਉਨਾਂ ਨੂੰ ਵੀ ਲੇਨ ਬਦਲਣੀ ਪਈ ਸੀ ਤੇ ਉਹਨਾਂ ਨੇ ਵੀ ਟ੍ਰੈਫਿਕ ਵਿੱਚ ਵਿਘਣ ਪਾਉਣ ਵਾਲੇ ਨੂੰ (ਯਾਨਿ ਮੈਨੂੰ) ਬੁਰਾ ਭਲਾ ਬੋਲਿਆ ਸੀ। ਮੈਂ ਕਿਹਾ ਕਿ ਕੋਈ ਗੱਲ ਨਹੀਂ, ਮੈਂ ਇਸਦਾ ਹੱਕਦਾਰ ਸਾਂ।

ਮੇਰੇ ਪਿਛੇ ਕਾਰਾਂ ਦੀ ਲਾਈਨ ਕਦੇ ਵਧ ਕਦੇ ਘਟ ਪਰ ਲਗਾਤਾਰ ਬਣੀ ਹੋਈ ਸੀ। ਮੇਰਾ ਜਵਾਈ ਅਜੇ ਪਹੁੰਚਿਆ ਨਹੀਂ ਸੀ। ਨਾਂ ਹੀ ਅੰਅ ਦੀ ਸਹਾਇਤਾ-ਗੱਡੀ (ਟੋ ਟਰੁਚਕ) ਆਈ ਸੀ। ਤਾਂ ਪਿਛਲੇ ਸ਼ੀਸ਼ੇ 'ਚੋਂ ਦੇਖਿਆ, ਇਕ ਗੋਰਾ ਨੌਜਵਾਨ ਸਾਈਡਵਾਕ ਤੇ ਮੇਰੀ ਗੱਡੀ ਵਲ ਆ ਰਿਹਾ ਸੀ। ਇਕ ਭੈੜਾ ਜਿਹਾ ਵਿਚਾਰ ਮਨ ਵਿੱਚ ਆਇਆ ਕਿ ਹੁਣੇ ਇਹ ਮੇਰੇ ਨਾਲ ਆ ਕੇ ਲੜੇਗਾ ਜਾਂ ਬੁਰਾ ਭਲਾ ਕਹੇਗਾ। ਪਰ ਮੇਰੇ ਕੋਲ ਪਹੁੰਚ ਕੇ ਉਹ ਬੜੀ ਨਰਮੀ ਨਾਲ ਪੁੱਛਣ ਲਗਾ ਕਿ ਸ਼੍ਰੀਮਾਨ ਜੀ ਕੀ ਗਲ ਹੋ ਗਈ। ਮੈਂ ਦੱਸਿਆ ਕਿ ਇਥੋਂ ਤਕ ਮੈਂ ਚੰਗਾ ਭਲਾ ਆਇਆਂ ਸਾਂ ਪਰ ਹੁਣ ਗੱਡੀ ਸਟਾਰਟ ਨਹੀਂ ਹੋ ਰਹੀ। ਉਸਨੇ ਮੈਨੂੰ ਫਿਰ ਕੋਸ਼ਿਸ਼ ਕਰਨ ਲਈ ਕਿਹਾ ਪਰ ਇੰਜਣ ਵਿੱਚ ਕੋਈ ਹਰਕਤ ਨਾ ਹੋਈ। ਮੈਂ ਦੱਸਿਆ ਕਿ ਮੈਂ ਅੰਅ ਨੂੰ ਕਾਲ ਕੀਤਾ ਹੋਇਆ ਸੀ। ਉਹ ਕਹਿਣ ਲਗਾ ਕਿ ਉਹ ਦੇਖਣ ਆਇਆ ਸੀ ਕਿ ਟ੍ਰੈਫਿਕ ਅਗੇ ਕਿਉਂ ਨਹੀਂ ਵਧ ਰਿਹਾ। ਉਸਨੇ ਕਿਹਾ ਕਿ ਜੇ ਮੈਂ ਚਾਹਵਾਂ ਤਾਂ ਉਹ ਗੱਡੀ ਨੂੰ ਲੇਨ ਵਿੱਚੋਂ ਹਟਾਉਣ ਵਿੱਚ ਮੇਰੀ ਮਦਦ ਕਰ ਸਕਦਾ ਹੈ ਤਾਂ ਕਿ ਟ੍ਰੈਫਿਕ ਖੁਲ੍ਹ ਸਕੇ।

ਮੈਂ ਧੰਨਵਾਦ ਕਰਦਿਆਂ ਹਾਂ ਵਿੱਚ ਸਿਰ ਹਿਲਾ ਦਿਤਾ। ਉਹ ਕਹਿਣ ਲਗਾ ਕਿ ਮੈਂ ਪਿਛੋਂ ਧੱਕਾ ਲਾਵਾਂਗਾ ਤੇ ਤੁਸੀਂ ਗੱਡੀ ਨੂੰ ਸਟੀਅਰ ਕਰਕੇ 13 ਐਵੇਨਿਊ ਤੇ ਲੈ ਜਾਣਾ ਜਿਥੇ ਅੰਦਰਲੀ ਸੜਕ ਹੋਣ ਕਰਕੇ ਬਹੁਤੀ ਆਵਾਜਾਈ ਨਹੀਂ ਹੁੰਦੀ। ਇਸ ਲਈ ਤਿਆਰ ਹੋ ਰਹੇ ਸੀ ਕਿ ਮੇਰਾ ਜਵਾਈ ਵੀ ਪਹੁੰਚ ਗਿਆ। ਉਹਨਾਂ ਦੋਨਾਂ ਨੇ ਰਲ ਕੇ ਧੱਕਾ ਲਾਇਆ ਤੇ ਮੈਂ ਕਾਰ ਸਟੀਅਰ ਕਰਕੇ 13 ਐਵੇਨਿਊ ਉਤੇ ਚੁਰਾਹੇ ਤੋਂ ਕੁਝ ਦੂਰ ਸਾਈਡ ਤੇ ਪਾਰਕ ਕਰ ਦਿੱਤੀ।

ਉਸ ਗੋਰੇ ਨੌਜਵਾਨ ਦਾ ਧੰਨਵਾਦ ਕਰਨ ਲਈ ਮੈਂ ਕਾਰ ਚੋਂ ਬਾਹਰ ਨਿਕਲਿਆ ਤਾਂ ਦੇਖਿਆ ਕਿ ਉਹ ਕਾਹਲੀ ਕਾਹਲੀ ਪਿਛਾਂਹ ਸਾਈਡਵਾਕ ਤੇ ਤੁਰਿਆ ਜਾ ਰਿਹਾ ਸੀ, ਆਪਣੀ ਕਾਰ ਵੱਲ। ਮੈਨੂੰ ਪਛਤਾਵਾ ਲਗਿਆ ਕਿ ਮੈਂ ਸਹਾਇਤਾ ਕਰਨ ਵਾਲੇ ਦਾ ਧੰਨਵਾਦ ਤਕ ਨਹੀਂ ਕਰ ਸਕਿਆ। ਪਰ ਇਕ ਹੋਰ ਝਟਕਾ ਲਗਣਾ ਅਜੇ ਬਾਕੀ ਸੀ। ਸਹਾਇਤਾ-ਵਾਹਨ ਅਜੇ ਵੀ ਨਹੀਂ ਸੀ ਆਇਆ। ਮੈਂ ਉਡੀਕਣ ਲਈ ਆਪਣੇ ਜਵਾਈ ਨਾਲ ਉਸਦੀ ਗੱਡੀ ਵਿੱਚ ਬੈਠ ਗਿਆ। ਅਸੀਂ ਉਸ ਸਹਾਇਤਾ ਕਰਨ ਵਾਲੇ ਨੌਜਵਾਨ ਦੀ ਗੱਲ ਕਰਨ ਲਗੇ। ਮੈਂ ਤਾਂ ਹੈਰਾਨ ਰਹਿ ਗਿਆ ਜਦੋਂ ਮੇਰੇ ਜਵਾਈ ਨੇ ਦੱਸਿਆ ਕਿ ਉਸ ਨੌਜਵਾਨ ਦੀ ਇਕ ਬਾਂਹ ਹੈ ਹੀ ਨਹੀਂ ਸੀ ਤੇ ਉਸਨੇ ਇਕੋ ਬਾਂਹ ਨਾਲ ਮੇਰੀ ਕਾਰ ਨੂੰ ਧੱਕਾ ਲਾਇਆ ਸੀ। ਅੱਖਾਂ ਸ਼ੁਕਰਾਨੇ ਦੇ ਅਥਰੂਆਂ ਨਾਲ ਸੇਜਲ ਹੋ ਗਈਆਂ। ਜੀ ਕੀਤਾ ਉਸ 'ਦੇਵਤਾ' ਇਨਸਾਨ ਦੇ ਪਿਛੇ ਭੱਜ ਕੇ ਜਾਵਾਂ ਤੇ ਗਲਵਕੜੀ ਪਾ ਲਵਾਂ, ਪਰ ਹਾਲਾਤ ਮੁਤਾਬਿਕ ਇਹ ਸੰਭਵ ਨਾ ਹੋ ਸਕਿਆ। ਥੋੜੇ ਚਿਰ ਬਾਅਦ ਸਹਾਇਤਾ-ਟਰੱਕ ਆਇਆ ਤੇ ਉਸਨੇ ਕਾਰ ਨੂੰ ਮੇਰੇ ਘਰ ਪੁਚਾ ਦਿਤਾ।

ਸੈਂਕੜੇ ਕਾਰਾਂ ਮੇਰੇ ਕੋਲੋਂ ਦੀ ਲੰਘੀਆਂ। "ਆਪਣਿਆਂ" ਦੀਆਂ ਵੀ ਤੇ "ਪਰਾਇਆਂ" ਦੀਆਂ ਵੀ। ਕੋਈ ਨਾ ਰੁਕਿਆ। ਹਾਂ, ਕੋਲੋਂ ਲੰਘਦਿਆਂ ਬਹੁਤਿਆਂ ਨੇ ਜ਼ਰੂਰ ਮੈਨੂੰ ਘੂਰ ਕੇ ਦੇਖਿਆ। ਕਈਆਂ ਨੇ ਬੁਰਾ ਭਲਾ ਕਿਹਾ, ਭੈੜੇ ਫਿਰਕੂ ਇਸ਼ਾਰੇ ਵੀ ਕੀਤੇ। ਪਰ ਚੰਗਿਆਈ ਦਾ ਬੀਜ ਨਾਸ ਨਹੀਂ ਹੁੰਦਾ। ਮੇਰੀ ਮਦਦ ਲਈ ਨਿਤਰਿਆ ਤਾਂ ਇਕ ਗੋਰਾ ਨੌਜਵਾਨ। ਉਹ ਨੌਜਵਾਨ ਜਿਸਨੂੰ ਨੂੰ ਮੈਂ ਜਾਣਦਾ ਤਕ ਨਹੀਂ ਸੀ, ਜਿਸਦੀ ਇਕ ਬਾਂਹ ਸ਼ਾਇਦ ਕਿਸੇ ਦੁਖਦਾਈ ਹਾਦਸੇ ਵਿੱਚ ਚਲੀ ਗਈ ਸੀ। ਸਰੀਰਕ ਕਮੀ ਦੇ ਬਾਵਜੂਦ ਉਹ ਮੇਰੀ ਮਦਦ ਲਈ ਆਇਆ। ਉਹਨੂੰ ਸੋਚਣ ਦੀ ਲੋੜ ਨਹੀਂ ਸੀ ਪਈ ਕਿ ਇਕ ਬਾਂਹ ਨਾਲ ਕਾਰ ਨੂੰ ਕਿਵੇਂ ਧਕ ਸਕੇਗਾ। ਉਹਨੂੰ ਪੂਰਨ ਵਿਸਵਾਸ਼ ਹੋਣਾ ਕਿ ਮਨ ਤੇ ਮੰਤਵ ਦੀ ਦ੍ਰਿੜਤਾ ਸਾਹਮਣੇ ਕੋਈ ਮੁਸ਼ਕਿਲ ਟਿਕ ਨਹੀਂ ਸਕਦੀ। ਐਸੇ ਪਰਉਪਕਾਰੀ, ਸਵੈ-ਵਿਸਵਾਸ਼ੀ, ਤੇ ਬਿਨਾਂ ਕਿਸੇ ਭੇਦਭਾਵ ਲੋੜਵੰਦਾਂ ਦੀ ਮਦਦ ਕਰਨ ਵਾਲੇ ਬਹਾਦਰ ਨੌਜਵਾਨ ਨੂੰ ਪ੍ਰਣਾਮ ਹੈ।

ਸੋਚਦਾ ਹਾਂ, ਇਸ ਤਰਾਂਹ ਦੇ ਸਵੈ-ਵਿਸਵਾਸ਼ ਤੇ ਅਕਾਲ ਪੁਰਖ ਦੀ ਮਿਹਰ ਤੋਂ ਬਿਨਾਂ ਸਵਾ ਸਵਾ ਲਖ ਨਾਲ ਇਕੱਲਾ ਕੋਈ ਕਿਵੇਂ ਲੜ ਸਕਦੈ, ਮਸਤ ਹਾਥੀ ਦਾ ਮੁਕਾਬਲਾ ਕਿਵੇਂ ਕਰ ਸਕਦੈ, ਦੇਗ ਵਿੱਚ ਕਿਵੇਂ ਉਬਲ ਸਕਦੈ, ਸਿਰ ਤਲੀ ਤੇ ਰੱਖ ਕੇ ਕਿਵੇਂ ਕੋਈ ਖੰਡਾ ਵਾਹ ਸਕਦੈ, ਆਪਣੇ ਬੱਚਿਆਂ ਦੇ ਟੋਟੇ ਗਲਾਂ ਵਿੱਚ ਕਿਵੇਂ ਪੁਆ ਸਕਦੈ, ਛੋਟੇ ਛੋਟੇ ਬੱਚੇ ਸ਼ਕਤੀਸ਼ਾਲੀ ਸਲਤਨਤ ਮੂਹਰੇ ਕਿਵੇਂ ਬੇਖੌਫ ਸੀਨਾ ਤਾਨ ਕੇ ਖਲੋ ਸਕਦੇ ਹਨ, ਕਿਵੇਂ ਕੋਈ ਮਾਣ ਨਾਲ ਗਾ ਸਕਦੈ – "ਨਿਸਚੈ ਕਰਿ ਅਪੁਨੀ ਜੀਤ ਕਰੋ"। ਰੱਬ ਕਰੇ, ਸਿੱਖੀ ਦੇ ਪਰਉਪਕਾਰ, ਕੁਰਬਾਨੀ ਤੇ ਸੇਵਾ-ਭਾਵ ਦੇ ਸਾਂਝੇ ਸੁਨਹਿਰੀ ਅਸੂਲ, ਜਿਨ੍ਹਾਂ ਨੂੰ ਪਥਾਰਦਵਾਦ ਤੇ ਸੁਆਰਥ ਦੀ ਹਨੇਰੀ ਵਿੱਚ ਅਸੀਂ ਤੇਜ਼ੀ ਨਾਲ ਗਵਾ ਰਹੇ ਹਾਂ, ਸਦਾ ਯਾਦ ਰੱਖੀਏ। ਪਰਉਪਕਾਰ ਅਤੇ ਮਨੁੱਖੀ ਕਦਰਾਂ ਕੀਮਤਾਂ ਦਾ ਦੀਵਾ ਸਾਡੇ ਦਿਲੋ-ਦਿਮਾਗਾਂ ਨੂੰ ਸਦਾ ਰੌਸ਼ਨ ਰਖਦਾ ਰਹਵੇ, ਇਹੀ ਅਰਦਾਸ ਹੈ। ਸਦਾ ਯਾਦ ਰੱਖੀਏ:

ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ॥ ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵ ਲਾਇ॥ (ਗੁਰੂ ਗ੍ਰੰਥ ਸਾਹਿਬ, ਪੰਨਾ 757)

# ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ ਦੇ ਲੇਖ ਅਤੇ ਗੀਤ ਵਿਸ਼ਵ-ਪ੍ਰਸਿੱਧ ਹਨ। ਵਿਸ਼ਵ ਪੰਜਾਬੀ ਕਵੀ ਸਭਾ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਸਕੱਤਰ ਹਨ। ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਸਰਕਾਰ ਤੋਂ ਦੋ ਵਾਰ, ਭਾਰਤ ਅਤੇ ਵਿਦੇਸ਼ਾਂ ਵਿੱਚ ਕਈ ਵਾਰ, ਅਤੇ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਤੋਂ 'ਭਾਈ ਵੀਰ ਸਿੰਘ ਜੀ' ਅਵਾਰਡ ਮਿਲੇ।

ਡਾ. ਕਾਬਲ ਸਿੰਘ, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਕਈ ਮਹੱਤਵਪੂਰਣ ਵਿਭਾਗਾਂ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਿਆ। (singhkabal285@gmail.com)

ਡਾ. ਬਲਦੇਵ ਸਿੰਘ, ਐਮ.ਐਸ.ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਹਾਸਲ ਕੀਤੀ। 20 ਸਾਲਾਂ ਤੋਂ ਵੱਧ ਸਮਾਂ ਮਿੱਟੀ, ਪਾਣੀ, ਫਸਲ ਅਤੇ ਵਾਤਾਵਰਣ ਪ੍ਰਬੰਧਨ ਦੇ ਪ੍ਰੋਫੈਸਰ ਰਹੇ। ਅਲਬਰਟਾ ਤੋਂ ਪੀ.ਐਚ.ਡੀ. ਲਈ "ਕੈਨੇਡੀਅਨ ਕਾਮਨਵੈਲਥ ਸਕਾਲਰਸ਼ਿਪ" ਪ੍ਰਾਪਤ ਕੀਤਾ। ਕੁਸ਼ਲ ਸਰੋਤ ਪ੍ਰਬੰਧਨ ਲਈ ਟੀਮ ਖੋਜ ਅਵਾਰਡ ਮਿਲਿਆ। ਅਲਬਰਟਾ ਯੂਨੀਵਰਸਿਟੀ, ਅਲਬਰਟਾ ਐਨਵਾਇਰਮੈਂਟ, ਅਤੇ ਕਈ ਕੰਪਨੀਆਂ ਨਾਲ ਸਲਾਹਕਾਰ ਵੀ ਰਹੇ ਹਨ। (baldev3@yahoo.com)

ਪ੍ਰੋਫੈਸਰ ਮਨਿੰਦਰ ਸਿੰਘ, ਐਮ.ਏ., ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹੇ। ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਨੇਡਾ ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਸਿੱਖਿਆ ਦਿੱਤੀ, ਬੱਚਿਆਂ ਲਈ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਕੀਤਾ। (http://www.mypanorama.ca)

ਸਰਦਾਰਨੀ ਡਾ. ਹਰਸ਼ਿੰਦਰ ਕੌਰ ਐੱਮ.ਡੀ., ਸਮਾਜ ਵਿਚ ਜਾਗਰੂਪਤਾ ਲਿਆ ਰਹੇ ਹਨ। ਅਨਾਥ 450 ਲੜਕੀਆਂ ਨੂੰ ਮੁਫਤ ਸਿੱਖਿਆ ਦੇ ਰਹੇ ਹਨ, 41 ਸਨਮਾਨਿਤ ਕਿਤਾਬਾਂ ਅਤੇ ਸੈਂਕੜੇ ਲੇਖ ਲਿਖੇ ਹਨ। ਚੋਟੀ ਦੀਆਂ ਭਾਰਤੀ ਮਹਿਲਾਵਾਂ ਵਿਚ ਰਾਸ਼ਟਰਪਤੀ ਤੋਂ ਸਨਮਾਨ ਮਿਲਿਆ। ਪੰਜਾਬ ਸਰਕਾਰ ਤੋਂ ਅਤੇ 'ਸਿੱਖ ਰੋਲ ਮਾਡਲ' ਸਨਮਾਨ ਮਿਲੇ। ਸੰਯੁਕਤ ਰਾਸ਼ਟਰ', 'ਵੂਮੈਨ ਰਾਈਟਸ ਐਕਟੀਵਿਸਟ', 'ਰੋਟਰੀ ਵੋਕੇਸ਼ਨਲ', ਅਤੇ ਕੈਨੇਡਾ ਤੇ ਕੈਲੀਫੋਰਨੀਆ ਦੀਆਂ ਸੰਸਦਾਂ ਤੋਂ ਕਈ ਅਵਾਰਡ ਪ੍ਰਾਪਤ ਕੀਤੇ ਹਨ।

ਸਰਦਾਰ ਕਰਮਜੀਤ ਸਿੰਘ ਨੂਰ ਦੇ ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਵਿਦੇਸ਼ਾਂ ਵਿਚ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸਪਤ-ਸ੍ਰਿੰਗ ਕਵੀ ਸਭਾ ਤੋਂ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਮਿਲਿਆ। ਰੇਡੀਓ ਅਤੇ ਦੂਰਦਰਸ਼ਨ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ। (ksnoor50@gmail.com)

**Dr Sardar Sukhmander Singh, earned BSc Engg (from** Thapar College of Engg & Tech, Patiala), Master's in Civil Engg from IIT, Delhi and PhD from University of California at Berkeley (USA). He was Project Engr- and Consultant (at San Francisco), and is Professor of Civil, Environmental and Sustainable Engg. at Santa Clara University, California. **First Sikh Endowed Professor**, he worked with the Trans-Alaska Pipeline and the San Pablo Clearwell Dam, has been teaching in Santa Clara University for 36 years. He is Visiting Professor at Cambridge University, UK and got Lifetime Achievement Award from American Soc. of Civil Engg. He wrote a book, *Walking with the Sikhs of Today"*, and is President of Sikh Council of North America..

ਸਰਦਾਰ ਜਸਵਿੰਦਰ ਸਿੰਘ ਰੂਪਾਲ, ਐਮ. ਏ. (ਪੰਜਾਬੀ, ਅੰਗਰੇਜ਼ੀ, ਅਰਥ-ਸ਼ਾਸਤਰ, ਮਨੋ-ਵਿਗਿਆਨ ਅਤੇ ਪੱਤਰਕਾਰੀ ਵਿਚ) ਅਤੇ ਬੀ. ਐਡ. ਕਰ ਕੇ ਲੈਕਚਰਾਰ ਰਹੇ ਹਨ। ਗ਼ਜ਼ਲ, ਛੰਦ-ਬੰਦੀ ਕਾਵਿ, ਹਾਇਕੂ, ਕਹਾਣੀ, ਲੇਖ ਅਤੇ ਆਲੋਚਨਾ ਦੀਆਂ 30 ਪੁਸਤਕਾਂ ਛਪੀਆਂ ਨ। ਦੇਸ਼ ਵਿਦ ਵਿੱਚ ਲਿਖਤਾਂ ਛਾਪਦੇ ਆ ਰਹੇ ਹਨ। ਪੰਜਾਬੀ-ਸਾਂਝ (ਜਰਮਨ) ਦੇ ਸਹਿ-ਸੰਪਾਦਕ ਹਨ[ (rupaljs@gmail.com)

ਡਾ. ਸਰਦਾਰਨੀ ਸੁਖਵਿੰਦਰ ਅੰਮ੍ਰਿਤ ਕੌਰ ਦੀਆਂ 9 ਕਾਵਿ ਪੁਸਤਕਾਂ (ਸੂਰਜ ਦੀ ਦਹਿਲੀਜ਼, ਚਿਰਾਗ਼ਾਂ ਦੀ ਡਾਰ, ਕਣੀਆਂ, ਪਤਝੜ ਵਿੱਚ ਪੁੰਗਰਦੇ ਪੱਤੇ, ਧੁੱਪ ਦੀ ਚੁੰਨੀ, ਹਜ਼ਾਰ ਰੰਗਾਂ ਦੀ ਲਾਟ, ਪੁੰਨਿਆ, ਨੀਲਿਆ ਮੋਰਾ ਵੇ, ਤੇ ਚਿੜੀਆਂ) ਪ੍ਰਕਾਸ਼ਿਤ ਹੋ ਚੁਕੀਆਂ ਹਨ। ਦੋ ਕਾਵਿ ਪੁਸਤਕਾਂ (ਕੇਸਰ ਦੇ ਛਿੱਟੇ ਅਤੇ ਰਿਸ਼ਤਿਆਂ ਦੀ ਰੰਗੋਲੀ) ਦਾ ਸੰਪਾਦਨ ਕੀਤਾ ਹੈ। ਹਿੰਦੀ ਦੀਆਂ ਕਾਵਿ ਰਚਨਾਵਾਂ ਕਨੂਪ੍ਰਿਆ' ਅਤੇ 'ਅੰਨ੍ਹਾਂ ਯੁਗ' ਦਾ ਪੰਜਾਬੀ ਵਿਚ ਕਾਵਿ ਅਨੁਵਾਦ ਕੀਤਾ ਹੈ। ਕਈ ਪੁਸਤਕਾਂ ਹਿੰਦੀ ਤੇ ਅੰਗਰੇਜ਼ੀ ਵਿਚ ਅਨੁਵਾਦ ਹੋਈਆਂ ਹਨ। ਭਾਸ਼ਾ ਵਿਭਾਗ ਵੱਲੋਂ ਸ਼੍ਰੋਮਣੀ ਕਵੀ ਪੁਰਸਕਾਰ ਅਤੇ ਗੁਰਮੁਖ ਸਿੰਘ ਮੁਸਾਫ਼ਰ ਪੁਰਸਕਾਰ, ਪੰਜਾਬੀ ਸਾਹਿਤ ਅਕਾਦਮੀ ਵਲੋਂ ਕਰਤਾਰ ਸਿੰਘ ਧਾਲੀਵਾਲ ਪੁਰਸਕਾਰ ਅਤੇ ਦੇਸ਼ਾਂ-ਵਿਦੇਸ਼ਾਂ ਤੋਂ ਸਨਮਾਨ ਮਿਲੇ ਹਨ। ਕਈ ਪੁਸਤਕਾਂ ਯੂਨੀਵਰਸਿਟੀਆਂ ਤੇ ਸਕੂਲ ਬੋਰਡ ਦੇ ਸਿਲੇਬਸ ਦਾ ਹਿੱਸਾ ਹਨ।

ਸਰਦਾਰਨੀ ਸੁਰਜੀਤ ਕੌਰ ਸਾਰੰਗ (ਦਿੱਲੀ ਨਿਵਾਸੀ) ਬੀ.ਏ., ਬੀ.ਐਡ. ਕਰ ਕੇ ਅਧਿਆਪਕਾ ਰਹੇ ਅਤੇ ਹੁਣ ਰਿਟਾਇਰ ਹੋਏ ਹਨ। ਲਿਖਣ ਦਾ ਸ਼ੌਕ ਹੈ। ਕਿਤਾਬਾਂ : ਰੂਹ ਤੋਂ ਰੂਹ ਤੱਕ, ਪਵਿੱਤਰ ਰੂਹਾਂ , ਕਾਫ਼ੀ ਕਾਵਿ ਸੰਗ੍ਰਹਿ ਲਿਖੀਆਂ ਹਨ

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. ਮੈਗਜ਼ੀਨ ਦੀ ਨੀਤੀ: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਵਿਰਾਸਤ ਸੰਬੰਧਤ ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲਿਖਤਾਂ, ਸਮੀਖਿਆ ਕਰਕੇ ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ "ਅਨਮੋਲ ਲਿਪੀ" ਵਿਚ ਜਾਂ Times New Roman (14 ਫੌਂਟ) ਵਿਚ ਹੋਵੇ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਭੇਜੋ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
6. ਲੇਖਕ ਆਪਣਾ ਨਾਮ, ਸ਼ਹਿਰ, ਦੇਸ਼, ਫ਼ੋਨ, ਈ-ਮੇਲ, ਵੱਟਸਐਪ ਤੇ ਸੰਖੇਪ ਜਾਣਕਾਰੀ ਦੇਣ। ਚਾਹੋ ਤਾਂ ਫੋਟੋ ਵੀ ਭੇਜ ਸਕਦੇ ਹੋ।
7. ਕੁਲ ਲੰਬਾਈ (ਲੈਪਟਾਪ ਦੇ) ਦੋ ਪੰਨੇ ਜਾਂ 800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਵੇ।
8. ਲੰਬੇ ਲੇਖ *sanjihivrasat.org* ਦੇ 'ਬਲ਼ੌਗ' (Blog) ਉਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ : ਦੇਖਣਾ ਕਿ '*Copyright Infringement'* ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ / ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿੱਤਾ ਗਿਆ ਹੋਵੇ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦਸਣਾ ਜ਼ਰੂਰੀ ਹੈ ਜੀ।

## Important Information for Authors

1. **Magazine Policy** :To Promote Punjabi Culture, History and Heritage. (Secular, Non-Political, Non-Personal Articles/Poems, after Review).
2. **Editorial Board** : Will not be responsible for views of Authors / Poets.
3. **Font size 14** : Panjabi-'Anmol Lipi' (English -Times New Roman)
4. **Spacing, margin** : Line-to-line 1.0, Margins One Inch on all four sides.
5. **Format -WORD** : No PDF, Photocopy, Print-screen, Snip, Office-Lens
6. **Author's Data** : Name, City (Country), A Brief (own) Introduction, Give Phone, E-mail, or WhatsApp. (photo optional).
7. **Maximum Length** : Two pages (Including Photo) of 800 Laptop words.
8. **Longer Articles** : On BLOG Website *(sanjhivirasat.org)* or serialized.
9. **Copy-Right** (CR) : Authors will ensure there is 'No CR' Infringement.
10. **References/Photos** : Source (Author, Title, Journal / Book, Year, Pages.

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

Editorial Board (*Sanjhi Virasat*)

| | |
|---|---|
| ਡਾ. ਸਰਦਾਰ ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਪ੍ਰਿੰਸੀਪਲ ਸਰਦਾਰਨੀ ਮਨਮੋਹਨ ਕੌਰ | ਦਿੱਲੀ (ਭਾਰਤ) |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਸਰਦਾਰ ਰਾਜਬੀਰ ਸਿੰਘ ਭੱਟੀ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |

## ਸਲਾਹਕਾਰ

| | |
|---|---|
| ਡਾ. ਸਰਦਾਰ ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਸਰਦਾਰ ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਸਰਦਾਰ ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਸਰਦਾਰ ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸਰਦਾਰ ਰਣਸ਼ੇਰ ਰਾਜ ਸਿੰਘ | ਕੈਲਗਰੀ (ਕੈਨੇਡਾ) |

## ਐਡੀਟੋਰੀਅਲ ਬੋਰਡ
(Editorial Board)



ਡਾ. ਰਾਜਾ ਬਲਰਾਜ ਸਿੰਘ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ੍ਰ. ਜਗਬੀਰ ਸਿੰਘ ਕੋਹਲੀ



ਸ੍ਰ. ਪਰਮਜੀਤ ਸਿੰਘ



ਪ੍ਰਿੰਸੀਪਲ ਮਨਮੋਹਨ ਕੌਰ



ਸ੍ਰ. ਉਂਕਾਰ ਸਿੰਘ ਟਿਵਾਣਾ



ਡਾ. ਰਾਜਬੀਰ ਸਿੰਘ ਭੱਟੀ



ਸ੍ਰ. ਯੁਵਰਾਜ ਸਿੰਘ



ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ ਬੋਰਡ



ਡਾ. ਕਾਲਾ ਸਿੰਘ



ਡਾ. ਡੀ. ਪੀ. ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖ਼ੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



Ransher Raj Singh
(Technical Astt.)